ਮਾਸਕ ਪੱਤਰ

ੴ

# ਸੂਰਾ ਅੰਮ੍ਰਿਤਸਰ

## ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਪਿਛੋਂ

JUNE 1980



ਜੂਨ ੧੯੮੦

ਸ਼ਹੀਦ ਸਿੰਘਾਂ ਦੇ ਸਿਰਾਂ ਦਾ ਮੂਲ ਮੀਰ ਮਨੂੰ ਦੀ ਕਚਹਿਰੀ ਵਿਚ

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ਨੰਬਰ ੧/੭੦-੬੮-੨੧ ਮਿਤੀ ੧੭-੧੦-੬੮ ਅ. ਪ. ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸੁਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ।

# ਤ ਤ ਕ ਰਾ


| | | |
|---|---|---|
| ਗੁਰ ਅਰਜਨ ਵਿਟਹੁ ਕੁਰਬਾਣੀ | ਭਾਈ ਸਾਹਿਬ ਭਾਈ ਗੁਰਦਾਸ ਜੀ | ੩ |
| ਸ਼ਾਂਤ-ਬੀਰਤਾ ਦੇ ਸੱਚੇ ਅਵਤਾਰ | ਭਾਈ ਸਾਹਿਬ ਰਣਧੀਰ ਸਿੰਘ ਜੀ | ੪ |
| ਸੇਵਕ ਕੀ ਓੜਕਿ ਨਿਬਹੀ ਪ੍ਰੀਤਿ | ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ | ੬ |
| ਸੁੰਞੇ ਘਰ ਕਾ ਪਾਹੁਣਾ | ਮਾਸਟਰ ਜੋਗਿੰਦਰ ਸਿੰਘ ਜੀ ਬੜੂੰਦੀ | ੭ |
| ਸ੍ਰੀ ਜਪੁਜੀ ਵਿਚ ਪੰਜ ਖੰਡ | ਭਾਈ ਸਾਹਿਬ ਰਣਧੀਰ ਸਿੰਘ ਜੀ | ੯ |
| ਅੰਮ੍ਰਿਤ ਦੀ ਦਾਤਿ ਤੇ ਕਰੜੀ ਪ੍ਰੀਖਿਆ | ਪ੍ਰਿੰਸੀਪਲ ਇੰਦਰ ਕੌਰ ਜੀ | ੧੪ |
| ਕੇਸਾਂ ਬਾਰੇ ਇਕ ਜ਼ਾਤੀ ਸੁ ਮਾਦਲਾ ਤਜਰਬਾ | ਮਾਸਟਰ ਤਾਰਾ ਸਿੰਘ ਜੀ | ੧੮ |
| ਗੁਰੂ ਅਰਜਨ ਦੇਵ ਜੀ ਦੇ ਨਿਕਟਵਰਤੀ ਸਿਖ | ਡਾਕਟਰ ਜਸਵੰਤ ਸਿੰਘ ਜੀ ਨੇਕੀ | ੧੯ |
| ਗਲੀਂ ਅਸੀ ਚੰਗੀਆ ਆਚਾਰੀ ਬੁਰੀਆਹ | ਭਾਈ ਮਦਨ ਸਿੰਘ ਜੀ ਯੂ. ਕੇ. | ੨੧ |
| ਸ਼ੋਸ਼ੇ ਨਾ ਛਡੀਏ - ਅਸਲੀਅਤ ਵਲ ਆਈਏ | ਸੰਪਾਦਕ | ੨੩ |
| ਤਉ ਕਿਉ ਮੁਰਗੀ ਮਾਰੈ (5) | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ | ੨੬ |
| 'ਸ਼ਹੀਦ' ਮੁਨਾਰੇ ਚਾਨਣ ਦੇ (ਕਵਿਤਾ) | ਮਾਸਟਰ ਮਾਘ ਸਿੰਘ ਜੀ | ੨੯ |
| ਅਬਦਾਲੀ, ਸਿਖ ਤੇ ਵਡਾ ਘਲੂਘਾਰਾ (੨੨) | ਕੈਪਟਿਨ ਸਵਰਨ ਸਿੰਘ ਜੀ | ੩੧ |
| ਟੈਲੀਵੀਜ਼ਨ ਤੇ ਰੇਡੀਓ ਉਤੇ ਅਸ਼ਲੀਲ ਪਰਚਾਰ | ਗੁਰਮਤਿ ਵਿਚਾਰ ਪਤ੍ਰਕਾ | ੩੮ |
| ਨਕਲੀ ਨਿਰੰਕਾਰੀ ਆਗੂ ਦਾ ਕਤਲ | — — — | ੪੦ |


ਸ੍ਰੀ ਗੁਰੂ ਅਰਜਨ ਦੇਵ ਜੀ – ਸ਼ਹੀਦੀ ਗੁਰਪੁਰਬ ੧੬ ਜੂਨ
ਸ੍ਰੀ ਗੁਰੂ ਹਰਿਗੋਬਿੰਦ ਸਾਹਿਬ – ਅਵਤਾਰ ਧਾਰਿਆ ੨੯ ਜੂਨ

## 'ਸੂਰਾ' ਮਾਸਕ ਪੱਤਰ ਨੂੰ ਪੁੱਜੀ ਸਹਾਇਤਾ

| | | |
|---|---|---|
| ਸ. ਰਾਜਿੰਦਰ ਸਿੰਘ ਡਡਲੀ ਯੂ. ਕੇ. | — — — | 8-70 |
| ਸਾਰਜੰਟ ਤੇਜਿੰਦਰ ਸਿੰਘ ਬੱਗਾ ਹੈਦਰਾਬਾਦ | ਤਰੱਕੀ ਦੀ ਖੁਸ਼ੀ ਵਿਚ | 21-00 |
| ਸ. ਗੁਰਦਿਆਲ ਸਿੰਘ ਕਾਨਪੁਰ | ਭੁਜੰਗੀ ਦੇ ਅਨੰਦ ਦੀ ਖੁਸ਼ੀ ਵਿਚ | 31-00 |
| ਸ. ਬਲਦੇਵ ਸਿੰਘ ਲਖਨਊ | ਬੱਚੀ ਦੇ ਅਨੰਦ ਦੀ ਖੁਸ਼ੀ ਵਿਚ | 21-00 |
| ਸ. ਰਾਜਿੰਦਰ ਸਿੰਘ ਲਖਨਊ | ਬੱਚੀ ਦੇ ਨਾਮ ਸੰਸਕਾਰ ਸਮੇਂ | 10-00 |
| ਸ. ਜਗਦੇਵ ਸਿੰਘ ਗਰੇਵਾਲ, ਲੰਡਨ ਯੂ. ਕੇ. ਤੋਂ | — — — | 127-40 |
| ਸ. ਤੇਜਾ ਸਿੰਘ ਲਮਿੰਗਟਨ ਯੂ ਕੇ. ਤੋਂ | — — — | 8-00 |
| ਬੀਬੀ ਜਸਵੰਤ ਕੌਰ ਅਜਮੇਰ ਤੋਂ | — — — | 10-00 |
| ਬੀਬੀ ਕਰਤਾਰ ਕੌਰ ਮੇਰਠ ਕੈਂਟ | ਕੈਪਟਨ ਜੋਗਿੰਦਰ ਸਿੰਘ ਦੀ ਯਾਦ ਵਿਚ | 51-00 |
| ਸ. ਸੰਤੋਖ ਸਿੰਘ ਨਵੀਂ ਦਿਲੀ | ਬੱਚੀ ਦੇ ਅਨੰਦ ਦੀ ਖੁਸ਼ੀ ਵਿਚ | 51-00 |
| ਸ. ਗੁਰਬਖਸ਼ ਸਿੰਘ ਸਿਵੀਆ ਯੂ ਕੇ. ਤੋਂ | — — — | 52-40 |

ਸੱਚੇ ਪਾਤਸ਼ਾਹ ਸਭ ਵੀਰਾਂ ਭੈਣਾਂ ਨੂੰ ਚੜ੍ਹਦੀ ਕਲਾ ਤੇ ਗੁਰਸਿਖੀ ਬਖਸ਼ਣ.


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੇੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ ਅੰਮ੍ਰਿਤਸਰ ਤੋਂ ੩੧.੫.੮੦ ਨੂੰ ਪ੍ਰਕਾਸ਼ਤ ਕੀਤਾ।
ਟੈਲੀਫੋਨ ਨੰਬਰ 51847


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


ੴ ਵਾਹਿਗੁਰੂ ਜੀ ਕੀ ਫਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

ਸਲਾਨਾ ਚੰਦਾ ੧੦-੦੦
ਇਕ ਪਰਚਾ ੧-੦੦

ਪਰਦੇਸ

ਸਮੁੰਦਰੀ ਡਾਕ ੧੯-੫੦

ਹਵਾਈ ਡਾਕ

ਅਰਬ, ਮਲਾਇਆ ੩੫-੦੦
ਯੂ. ਕੇ, ਅਫਰੀਕਾ ੫੦-੦੦
ਕੈਨੇਡਾ, ਅਮਰੀਕਾ ੫੫-੦੦



ਸੰਪਾਦਕੀ ਬੋਰਡ

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਪ੍ਰਿੰ: ਗੁਰਮੁਖ ਸਿੰਘ
ਗਿ: ਗੁਰਬਚਨ ਸਿੰਘ
ਭਾਈ ਸੇਵਾ ਸਿੰਘ



## ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੧੪ ਜੂਨ ੧੯੮੦ ਅੰਕ ੬


## ਗੁਰ ਅਰਜਨ ਵਿਟਹੁ ਕੁਰਬਾਣੀ

ਰਹਿੰਦੇ ਗੁਰੁ ਦਰੀਆਉ ਵਿਚਿ ਮੀਨ ਕੁਲੀਨ ਹੇਤੁ ਨਿਰਬਾਣੀ ॥
ਦਰਸਨੁ ਦੇਖਿ ਪਤੰਗ ਜਿਉ ਜੋਤੀ ਅੰਦਰਿ ਜੋਤਿ ਸਮਾਣੀ ॥
ਸਬਦੁ ਸੁਰਤਿ ਲਿਵ ਮਿਰਗ ਜਿਉ ਭੀੜ ਪਈ ਚਿਤਿ ਅਵਰੁ ਨ ਆਣੀ ॥
ਚਰਣ ਕਵਲ ਮਿਲਿ ਭਵਰ ਜਿਉ ਸੁਖ ਸੰਪਟ ਵਿਚਿ ਰੈਣਿ ਵਿਹਾਣੀ ॥
ਗੁਰੁ ਉਪਦੇਸੁ ਨ ਵਿਸਰੈ ਬਾਬੀਹੇ ਜਿਉ ਆਖ ਵਖਾਣੀ ॥
ਗੁਰਮੁਖਿ ਸੁਖ ਫਲੁ ਪਿਰਮ ਰਸੁ ਸਹਜ ਸਮਾਧਿ ਸਾਧ ਸੰਗਿ ਜਾਣੀ ॥
ਗੁਰ ਅਰਜਨ ਵਿਟਹੁ ਕੁਰਬਾਣੀ ॥੨੩॥ ੨੪)

ਸ਼ਹੀਦੀ ਗੁਰਪੁਰਬ ੧੬ ਜੂਨ




www.AKJ.Org

# ਸ਼ਾਂਤ-ਬੀਰਤਾ ਦੇ ਸੱਚੇ ਅਵਤਾਰ

[ਵਲੋਂ--ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਸ਼ਾਂਤੀ ਸ਼ਾਂਤੀ ਸਭ ਪੁਕਾਰਦੇ ਹਨ, ਪਰ ਇਨ੍ਹਾਂ ਸ਼ਾਂਤੀ ਪੁਕਾਰਨਹਾਰਿਆਂ ਨੂੰ ਸ਼ਾਂਤੀ ਦੀ ਸਾਰ ਨਹੀਂ। ਹਾਂ ਜੀ, ਸੱਚੀ ਸ਼ਾਂਤੀ ਦੀ ਸੱਚੀ ਸਾਰ ਨਹੀਂ। ਸ਼ਾਂਤੀ ਦੀਆਂ ਡੀਂਗਾਂ ਸਾਰੇ ਹੀ ਮਾਰਦੇ ਹਨ, ਪਰ ਇਨ੍ਹਾਂ ਡੀਂਗ-ਮਾਰੂਆਂ ਨੂੰ ਸ਼ਾਂਤੀ ਦੀ ਕਦਰ-ਪਰਖਾਰ ਨਹੀਂ। ਹੋਵੇ ਵੀ ਕਿਕੂੰ ? ਇਨ੍ਹਾਂ ਦੇ ਅੰਦਰ ਸ਼ਾਂਤੀ, ਸੱਚੀ ਸ਼ਾਂਤੀ ਵਾਪਰੀ ਹੀ ਨਹੀਂ।

ਤੱਤ-ਸ਼ਾਂਤੀ, ਦਿਬ-ਲਤੀਫ਼-ਕ੍ਰਾਂਤ ਆਤਮ-ਵਥ ਹੈ। ਮਾਨਸਕ ਸ਼ਾਂਤੀ ਬੁਧਾਂਸਕ ਸ਼ਾਂਤੀ ਤੋਂ ਨਿਆਰੀ, ਅਤਿ ਨਿਆਰੀ ਔਰ ਪ੍ਰਮਾਰਥੀ ਤੱਤ-ਵਿਲੱਖਣੀ ਸ਼ੈ ਹੈ, ਬਿਚੱਖਣੀ ਵਸਤੂ ਹੈ। ਜਿਨ੍ਹਾਂ ਨੇ ਆਪਾ ਪਰਬੋਧਿਆ ਨਹੀਂ, ਸੂਖਯਮ ਤੋਂ ਸੂਖਯਮ ਹਉਮੈ ਰੋਗ ਦੀ ਅੰਸ ਨੂੰ ਨਿਰੋਧਿਆ ਨਹੀਂ, ਤਿਨ੍ਹਾਂ ਨੂੰ ਸੱਚੀ ਸ਼ਾਂਤ ਤੱਤ ਵਥੁ ਦਾ ਇਕ ਰਿਜਮ ਰਾਈ ਮਾਤਰ ਵੀ ਅਹਿਸਾਸ ਨਹੀਂ ਹੁੰਦਾ, ਅਤੇ ਇਸ ਹਉਮੈ-ਅੰਸ ਦਾ ਨਿਰੋਧ ਉਦੋਂ ਤਾਈਂ ਨਹੀਂ ਹੁੰਦਾ, ਉੱਕਾ ਹੀ ਨਹੀਂ ਹੁੰਦਾ ਜਦੋਂ ਤਾਈਂ ਨਾਮ ਦੀ ਕਣੀ, ਸੱਚੇ ਨਾਮ-ਗੁਰਮਤਿ ਦੀ ਕਣੀ ਆਪੇ ਅੰਦਰ ਪਰਵੇਸ਼ ਨਹੀਂ ਹੁੰਦੀ ਅਤੇ ਇਸ ਬਿਧ ਆਪੇ ਦਾ ਅਭਾਵ ਨਹੀਂ ਹੁੰਦਾ, ਆਪੇ ਦੇ ਸਾਰੇ ਸਿਆਪੇ ਨਹੀਂ ਮੁਕ ਜਾਂਦੇ। ਆਪੇ ਨੂੰ ਚੀਨ ਕੇ ਅਨਾਤਮ ਆਪੇ ਨੂੰ ਪ੍ਰਮਾਤਮ-ਵਿਗਸਾਪੇ ਵਿਚ ਲੀਨ ਕੀਤੇ ਬਿਨਾ ਆਪਾ-ਭ੍ਰਮਾਪੇ ਦੀ ਕਾਈ, ਹਉਮੈ-ਅੰਸ ਕਾਈ ਨਹੀਂ ਮਿਟਦੀ, ਰਾਈ ਮਾਤਰ ਨਹੀਂ ਮਿਟਦੀ। ਅਤੇ ਇਸ ਮਿਟੀ ਬਿਨਾਂ ਸ਼ਾਂਤੀ, ਸੱਚੀ ਸ਼ਾਂਤੀ ਨਹੀਂ ਹੁੰਦੀ।

ਦੇਹ-ਅਧਿਆਸ, ਦੇਹੋਂ ਬਦੇਹ ਹੋਣਾ, ਸ਼ਾਂਤੀ ਮੁਜੱਸਮੀ ਰੂਹੜੀ ਦਾ ਇਕ ਕ੍ਰਿਣ ਕਿੰਚਤੀ ਚਮਤਕਾਰਾ ਹੈ, ਜਿਥੋਂ ਸ਼ਾਂਤ-ਕ੍ਰਾਂਤ-ਠਰੂਰਨੀ ਠਰਾਰਾ ਅਰੰਭ ਹੁੰਦਾ ਹੈ। ਨਾਮ ਦੀ ਅਮੋਘ ਠਾਰ ਨਾਲ ਠਰੀਆਂ ਹੋਈਆਂ ਰੂਹਾਂ, ਨਾਮ-ਅਮਿਉ-ਰਸ ਦੀ ਜੀਰਾਂਦ ਹੋਈਆਂ ਜਿੰਦੜੀਆਂ, ਜੋਤਿ-ਵਿਗਾਸੀ ਨਿਘਾਸ ਵਿਚ ਸਰਸ਼ਾਰ ਹੋ ਕੇ ਸੱਚੀ ਸ਼ਾਂਤੀ ਦਾ ਅਹਿਲਾਦ ਵਿਸਮਾਦ-ਮਈ ਆਨੰਦ ਮਾਣ ਸਕਦੀਆਂ ਹਨ। ਇਸ ਰਸ-ਵਿਸਮਾਦੀ ਮੌਜ ਪਦ ਔਜ ਨੂੰ ਪ੍ਰਾਪਤ ਹੋ ਕੇ, ਤਨ-ਤਸੀਹੇ ਭਾਵੇਂ ਕਿਤਨੇ ਭੀ ਤੀਖਣ ਮਿਲਨਿ, ਸ਼ਾਂਤ-ਸੁਰਤਿਆਂ ਦੀ ਬਿਰਤੀ ਅਸ਼ਾਂਤ ਨਹੀਂ ਹੁੰਦੀ, ਸ਼ਾਂਤ ਹੀ ਸ਼ਾਂਤ ਵਰਤੀ ਰਹਿੰਦੀ ਹੈ। ਜਗਤ-ਪ੍ਰਸਿਧ ਨਖਿਧ ਸ਼ਾਂਤੀ ਕਿਸੇ ਲੇਖੇ ਨਹੀਂ। ਇਹ ਅਸ਼ਾਂਤੀ ਹੈ, ਸ਼ਾਂਤੀ ਨਹੀਂ।

ਮਨ, ਬਚਨ, ਕਰਮ ਕਰਕੇ ਅੰਦਰੇ ਅਸਥਿਰਤ, ਅੰਤਰ ਆਤਮੇ ਸੰਚਿਰਤ ਹੋਈ ਵੀ ਸ਼ਾਂਤੀ ਹੀ ਅਸਲ ਸ਼ਾਂਤੀ ਹੈ।

ਡਿਗੈ ਨ ਡੋਲੈ ਦ੍ਰਿੜੁ ਕਰਿ ਰਹਿਓ, ਪੂਰਨ ਹੋਇ ਤ੍ਰਿਪਤਾਨੀ''* ਦੀ ਆਤਮ-ਅਵਸਥਾ ਵਾਲੀ ਸ਼ਾਂਤੀ ਤੱਤ-ਸ਼ਾਂਤੀ ਹੈ। ''ਓਇ ਜੁ ਬੀਚਿ ਹਮ ਤੁਮ ਕਛੁ ਹੋਤੇ ਤਿਨ ਕੀ ਬਾਤ ਬਿਲਾਨੀ''* ਗੁਰਵਾਕ ਦੇ ਭਾਵ ਵਾਲਾ ਅਭਾਵ, ਸੱਚ-ਆਪਾ-ਅਭਾਵ ਹੈ। ''ਬੇਪਰਵਾਹ ਸਦਾ ਰੰਗਿ ਹਰਿ ਕੈ ਜਾ ਕੋ ਪਾਖੁ ਸੁਆਮੀ''† ਦੇ ਗੁਰਵਾਕੀ ਔਜ ਦੀ ਮੌਜ ਵਾਲਾ ਜੀਊੜਾ ਹੀ ਸੱਚੇ ਰਸ ਦੀ ਜੀਰਾਂਦ ਨੂੰ ਜਰ ਸਕਦਾ ਹੈ ਅਤੇ ਇਸ ਆਤਮ-ਜੀਰਾਂਦ ਨੂੰ ਜਰਨ ਵਾਲਾ ਸ਼ਾਂਤ-ਬੀਰ ਜੋਧਾ ਹੀ ਸੱਚਾ ਸੂਰਮਾ ਅਖਵਾ ਸਕਦਾ ਹੈ।

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥
ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ ॥

ਧਨਾਸਰੀ ਮਹਲਾ ੫, ਪੰਨਾ ੬੮੦

---

* ਧਨਾਸਰੀ ਮਹਲਾ ੫, ਪੰਨਾ ੬੭੧-੬੭੨, †ਟੋਡੀ ਮਹਲਾ ੫, ਪੰਨਾ ੭੧੧



www.AKJ.Org

ਇਹ ਸੂਰਮੇ, ਸੱਚੇ ਸੂਰਮੇ ਦੀ ਤਾਰੀਫ਼ ਹੈ, ਪਰੰਤੂ ਗੁਰਵਾਕ ਦੀ ਪਿਛਲੀ ਤੁਕ ਦੇ ਭਾਵ ਅਨੁਸਾਰ ਆਤਮ-ਜਿੱਤ ਸੱਚਾ ਸੂਰਮਾ ਸੋਈ ਹੋ ਸਕਦਾ ਹੈ, ਜੋ ਸਤਿਗੁਰੂ ਪੂਰੇ ਦਾ ਸਿਖ ਹੈ, ਜੋ ਸਗੁਰਾ ਸੱਚੇ ਗੁਰੂ ਵਾਲਾ ਗੁਰਮੁਖ ਹੈ, ਜਿਸ ਦਾ ਗੁਰੂ ਸਤਿਗੁਰ ਪੂਰਾ ਸ੍ਰੀ ਗੁਰੂ ਨਾਨਕ ਸੂਰਾ ਹੈ । ਜਿਸ ਦਾ ਗੁਰੂ ਸੱਚਾ ਸਤਿਗੁਰੂ ਨਹੀਂ, ਤਿਸ ਨਿਗੁਰੇ ਨਿਗੋਸਾਏ ਪ੍ਰਾਣੀ ਨੂੰ ਇਹ ਪਦ ਪ੍ਰਾਪਤ ਨਹੀਂ ਹੋ ਸਕਦਾ । ਸਿਖਾਂ, ਗੁਰਸਿਖਾਂ ਉਤੇ ਹੀ ਇਹ ਬਰਕਤ ਹੁੰਦੀ ਹੈ । ਅਸਿਖ ਅਨਾੜੀਆਂ ਮਨਮੁਖਾਂ ਨੂੰ, ਆਤਮ-ਰੰਗੋਂ ਸਖਣੇ ਅਤੇ ਮਨਮੁਖਾਂ ਨੂੰ ਸ੍ਰੀ ਸਤਿਗੁਰੂ ਦੀ ਇਸ ਪਦ ਦੀ ਪ੍ਰਾਪਤੀ ਨਹੀਂ ਹੁੰਦੀ ।

ਸ਼ਾਂਤ-ਬੀਰਤਾ ਮੈਦਾਨ ਵਿਚ ਜੂਝਣ ਦਾ ਫਿਰ ਦਾਊ-ਨੈਸ਼ਾਨੀ ਝੰਡਾ ਲਹਿਰਾਉਣ ਹਿਤ, ਗੁਰੂ ਨਾਨਕ ਪੰਚਮ ਜੋਤਿ-ਜਾਮੇ ਤੀਨ ਕਾਲ ਅਰਜਨ ਸਾਹਿਬ ਜੀ ਨੇ ਪਹਿਲ ਕੀਤੀ ਅਤੇ ਆਉਣ ਵਾਲੀ ਪੰਥ-ਪਨੀਰੀ ਲਈ ਸ਼ਾਂਤ-ਰਸ ਬੀਰ ਜੀਰਾਂਦ ਦੇ ਸੱਚੇ ਪੂਰਨੇ ਪਾਏ । ਜੇਠ ਹਾੜ ਦੀ ਗਾਖੜੀ ਗ੍ਰੀਖਮ ਰੁਤੇਨੀ ਘਾਮ-ਗਰਮੀ ਪੈਂਦੀ ਹੈ, ਤਤੀਆਂ ਲੋਆਂ ਚਲਦੀਆਂ ਹਨ, ਕੜਕਦੀ ਧੁੱਪ ਵਿਚ ਜ਼ਾਲਮਾਂ ਦੀ ਭਖਾਈ ਹੋਈ ਅਗਨ-ਭੱਠੀ ਭੜਹੜ ਬਲ਼ਦੀ ਹੈ, ਅੰਗਾਰੇ ਵਾਂਗੂ ਤਪਦੀ ਲੋਹ ਉਤੇ ਚੌਂਕੜਾ ਮਾਰੀ ਅਚੱਲ ਸਮਾਧੀ ਵਿਚ ਦੀਨ ਦੁਨੀਆ ਦੇ ਵਾਲੀ, ਭਾਣਿਆਂ ਦੇ ਮਾਲਕ, ਉਸਨ ਸੀਤ ਨੂੰ ਸਮਸਰ ਕਰ ਜਾਨਣਹਾਰੇ ਸ੍ਰੀ ਸਤਿਗੁਰ ਪੰਚਮ ਪਾਤਸ਼ਾਹ ਜੀ ਬੈਠੇ ਹਨ, ਉਤੋਂ ਅੱਗ ਵਾਂਗੂ ਭਖਦੀਆਂ ਰੇਤਾਂ ਦੇ ਕੜਛੇ ਸੋਹਲ, ਕੋਮਲ ਤੇ ਨਗਨ ਸਰੀਰ ਉਤੇ ਭਰ ਭਰ ਕੇ ਧੜਾ ਧੜ ਪੈ ਰਹੇ ਹਨ, ਪਰ ਸ਼ਾਂਤ-ਬੀਰਤਾ ਦੇ ਮੁਜੱਸਮ ਦਾ ਆਸਣ ਅਚੱਲ ਹੈ । ਧੌਲ-ਧਰਮ ਦਾ ਸਿੰਘਾਸਨ ਡੋਲ ਗਿਆ, ਪਰ ਸਤਿਗੁਰਾਂ ਦਾ ਅਹਿਲ ਆਸਣ ਨਹੀਂ ਡੋਲਿਆ । ਏਥੇ ਹੀ ਬਸ ਨਹੀਂ, ਖੌਲਦੇ ਜਲ ਦਾ ਭਰਿਆ ਕੜਾਹ ਸਟੀਮ-ਭਾਫਾਂ ਛਡ ਰਿਹਾ ਹੈ, ਹੇਠਾਂ ਭੜਾ ਭੜ ਅਗਨੀ ਦੇ ਭਾਂਬੜ ਮਚ ਰਹੇ ਹਨ, ਇਸ ਮਚਦੇ ਉਬਲਦੇ ਨੱਕਾ-ਨੱਕ ਭਰੇ ਭਾਪ-ਸਟੀਮ-ਇੰਜਨੀ ਕੜਾਹੇ ਵਿਚ ਚੌਂਕੜੇ ਲਗੇ ਲਗਾਇਆਂ ਚਕ ਕੇ ਸਤਿਗੁਰਾਂ ਨੂੰ ਗਲ ਤਾਈਂ ਤ੍ਰਿਬੁਡ ਕੀਤਾ ਜਾਂਦਾ ਹੈ । ਮਿੰਟ ਨਹੀਂ, ਸਕਿੰਟ ਨਹੀਂ, ਘੜੀਆਂ ਘੰਟਿਆਂ ਬਧੀ ਇਸ ਉਬਲਦੀ ਦੇਗ ਵਿਚ ਉਬਾਲਿਆ ਜਾਂਦਾ ਹੈ । ਕੀ ਮਜਾਲ, ਮੁਖੋਂ ਉਫ਼ ਤਕ ਵੀ ਨਿਕਲੀ ਹੋਵੇ, ਰਸਨਾ ਤੋਂ 'ਸੀ' ਤਕ ਵੀ ਉਚਰਣਤ ਹੋਈ ਹੋਵੇ । ਕਸੀਸ ਨਹੀਂ ਵਟੀ, ਅੱਖ ਨਹੀਂ ਪਟੀ, ਕੋਈ ਅੰਗ ਨਹੀਂ ਹਿਲਿਆ, ਰੋਮ ਨਹੀਂ ਫੜਕਿਆ; ਚੇਹਰੇ ਤੇ ਅਗੇ ਨਾਲੋਂ ਵੀ ਦੂਣ-ਸਵਾਇਆ ਜਲਾਲ ਹੈ । ਜੋਤਿ-ਜਮਾਲ ਦੀ ਉਹ ਅਵਧੀ ਹੈ ਕਿ ਦੇਖਣਹਾਰੇ ਝਾਲ ਨਹੀਂ ਝਲ ਸਕਦੇ । ਪਾਸ ਖੜੋਤੇ ਮੀਆਂ ਮੀਰ ਫਕੀਰ ਤ੍ਰਪ ਤ੍ਰਪ ਆਂਸੂ ਬਹਾ ਰਹੇ ਹਨ । ਜ਼ੁਲਮ ਦੀ ਅਤਿ ਵੇਖ ਕੇ ਗ਼ੈਜ਼ੋ-ਗ਼ਜ਼ਬ ਨਾਲ ਕੰਬ ਰਹੇ ਹਨ । ਇਸ ਦਰਦਨਾਕ ਨਜ਼ਾਰੇ ਨੂੰ ਦ੍ਰਵੀਭੂਤ ਹੋ ਕੇ ਦੇਖ ਰਹੇ ਹਨ ਅਤੇ ਅਤਿ ਅਧੀਨਗੀ ਸਹਿਤ ਬੇਨਤੀਆਂ ਕਰਿ ਕਰਿ ਗਗਨ-ਮੰਡਲਾਂ ਵਿਚ ਖੇਡ ਰਹੀਆਂ, ਦਸਮ ਦੁਆਰੇ ਪੁਜ ਰਹੀਆਂ ਸੁਰਤੀਸ਼ਰੀ ਤ੍ਰਾਣਾਂ ਤਰਬਾਂ ਨੂੰ ਹਿਲਾ ਹਿਲਾ ਕੇ ਜਗਾ ਰਹੇ ਹਨ—

"ਹੇ ਭਾਣੇ ਦੇ ਮਾਲਕਾ ! ਜ਼ੁਲਮ ਦੀ ਜਿਥੇ ਕੋਈ ਹੱਦ ਨਹੀਂ, ਉਥੇ ਭਾਣਾ ਮੰਨਣ ਦੀ ਤਾਂ ਕੋਈ ਹੱਦ ਹੋਣੀ ਚਾਹੀਦੀ ਹੈ । ਹੇ ਦੋ ਜਹਾਨ ਦੇ ਵਾਲੀਆ ! ਸਰਬ-ਕਲਾ ਸਮਰੱਥ ਸੱਚੇ ਪਾਤਸ਼ਾਹ ! ਤੇਰੇ ਹੱਥ ਵਿਚ ਸਭ ਕੁਛ ਹੈ । ਹੇ ਕਾਦਰਾ ! ਕੁਲ ਕਾਇਨਾਤ ਕਦਰਤ ਤੇਰੇ ਇਲਾਹੀ ਹੁਕਮ ਦੀ ਗ਼ੁਲਾਮ ਹੈ । ਹਰ-ਦੋ ਆਲਮ ਤੇਰੇ ਹੁਕਮਾਂ ਦੇ ਬੰਦੇ ਹਨ । ਹੇ ਸਰਬੱਗ ਪੁਰਖ ! ਤੇਰੀ ਗਹਿਣਗਤਿ ਤਾਂ ਅਪਰ ਅਪਾਰ ਹੈ; ਤੂੰ ਕਾਦਰੇ ਮੁਤਲਕ ਹੈਂ ਕਿ ਜ਼ਮੀਨ ਅਸਮਾਨ ਦੇ ਕਲਾਬੇ ਮਿਲਾ ਕੇ ਕਿਆਮਤ ਬਰਪਾ ਕਰ ਦੇਵੇਂ । ਮੈਂ ਆਪ ਦੇ ਦਰ ਦਾ ਇਕ ਟੁਕੜ-ਗਦਾਈ ਕੂਕਰ ਹਾਂ । ਮੈਨੂੰ ਹੁਕਮ ਕਰੋ, ਇਸ ਜ਼ਾਲਮ ਰਾਜ ਦਾ ਤਖ਼ਤਾ ਯਕ-ਦਮ ਉਲਟਾ ਦੇਵਾਂ, ਦਿਲੀ ਅਤੇ ਲਾਹੌਰ ਦੀਆਂ ਜ਼ੁਲਮੀ ਰਾਜਧਾਨੀਆਂ ਨੂੰ ਦੋਹੀਂ ਹਥੀਂ ਫੜ ਕੇ ਭਿੜਾ ਦੇਵਾਂ ਅਤੇ ਛਿਨ ਵਿਚ ਪਾਸ਼ ਪਾਸ਼ ਕਰ ਦੇਵਾਂ ।"



www.AKJ.Org

ਸ੍ਰੀ ਗੁਰੂ ਸਾਹਿਬ ਜੀ ਸੁਰਤਿ-ਮਗਨਾਈਆਂ ਸਮਾਧੀਆਂ ਤੋਂ ਸਾਵਧਾਨ ਹੋ ਕੇ ਪ੍ਰੇਮ-ਕਸਾਈਆਂ, ਇਲਾਹੀ ਇਸ਼ਕ-ਹੁਲਸਾਈਆਂ ਅੱਖੀਆਂ ਨੂੰ ਖੋਲ੍ਹ ਕੇ ਹੱਸ-ਵਿਗਸਣੇ ਮਿਠੜੇ ਸ਼ਾਂਤ-ਬੋਲ ਬੋਲ ਕੇ ਮੀਆਂ ਮੀਰ ਜੀ ਨੂੰ ਸੰਬੋਧਨ ਸਹਿਤ ਪਰਬੋਧਦੇ ਹਨ—ਪਿਆਰਿਆ ਅਲਮਸਤ ਫਕੀਰਾ ! ਖ਼ੁਦਾ-ਪ੍ਰਸਤੀ ਦੇ ਇਸ਼ਕ ਦਿਆ ਅਸੀਰਾ ! ਰੱਬੀ ਰਹਿਮਤ ਦਿਆ ਹੱਕ-ਸ਼ਿਨਾਸ ਮੀਰਾਂ ਮੀਰਾ ! ਤੈਨੂੰ ਆਪਣੀ ਨਿਜ ਪਾਕ-ਬਾਜ਼ੀ ਉਤੇ ਬੜਾ ਨਾਜ਼ ਹੈ, ਆਪਣੀ ਰੂਹਾਨੀ ਤਾਕਤ-ਤ੍ਰਾਣ ਉਤੇ ਬੜਾ ਮਾਣ ਹੈ. ਪਰ ਹੁੰਦੇ ਤਾਣ ਨਿਤਾਣਾ ਹੋਣਾ ਅਤੇ ਹੁੰਦੇ ਮਾਣ ਨਿਮਾਣਾ ਹੋਣਾ ਭੀ ਆਪ ਜਿਹੇ ਰੱਬੀ ਬੰਦਿਆਂ ਦਾ ਕੰਮ ਹੈ। ਮਹਾਂ ਪੁਰਖਾ ! ਅਜਰ ਨੂੰ ਜਰਨਾ ਹੀ ਤੈਨੂੰ ਸੋਭਦਾ ਹੈ। ਵਸਤੂ ਵੱਡੀ ਹੈ, ਭਾਂਡਾ ਛੋਟਾ ਹੈ, ਸੰਭਾਲ ਕੇ ਰਖ। ਸਾਨੂੰ ਧੁਰ-ਏਜ਼ਦੀ ਹੁਕਮ ਹੀ ਐਸਾ ਹੈ ਕਿ ਸਰੀਰ ਰੂਪੀ ਭਾਂਡੇ ਨੂੰ ਮਿਠੇ ਭਾਣਿਆਂ ਅੰਦਰ ਹੀ ਭੰਨ-ਤੋੜ ਦੇਣਾ ਹੈ, ਠੀਕਰਾ ਫੋੜ ਦੇਣਾ ਹੈ ! ਭਾਣਾ ਅਮਿਟ ਹੈ ! ਹੁਕਮਾਂ ਦੀ ਕਾਰ ਹੈ ! ਤੁਸੀਂ ਆਪੇ ਤੋਂ ਬਾਹਰ ਨਹੀਂ ਹੋਣਾ ! ਦੇਖੋ ਕਰਤਾਰ ਦੇ ਰੰਗ ! ਸ਼ਕਤੀ ਕਰਾਮਾਤ ਦਿਖਾਉਣਾ ਜਣਾਉਣਾ ਭਗਤੀ ਮਾਰਗ ਤੋਂ ਬਹੁਤ ਉਰੇਡੇ ਹੈ। ਰਹਿਮਤ ਦੇ ਘਰ ਵਿਚ ਆਓ, ਖ਼ਲਕਤ ਖ਼ੁਦਾਈ ਤੇ ਕਹਿਰ ਬਰਪਾ ਕਰਨਾ ਖ਼ੁਦਾਈ ਬੰਦਿਆਂ ਦਾ ਕੰਮ ਨਹੀਂ। ਅਸੀਂ ਗੁਰਬਾਣੀ ਨਮਿਤ ਕੁਰਬਾਨੀ ਦੇ ਹਵਨ-ਕੁੰਡ ਵਿਚ ਖਿੜੇ ਮਥੇ ਅਹੂਤੀ ਦੇਣੀ ਹੈ, ਬਰ ਜ਼ਰੂਰ ਦੇਣੀ ਹੈ। ਪਰਮਾਤਮਾ ਨੇ ਭਗਤੀ ਦੀਆਂ ਜੜ੍ਹਾਂ ਪਤਾਲ ਵਿਚ ਲਾ ਦੇਣੀਆਂ ਹਨ। ਧੁਰ ਕੀ ਆਈ ਬਾਣੀ ਦੇ ਬੋਹਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਜੁਗੋ ਜੁਗ ਅਟੱਲ ਗੁਰ-ਪਦਵੀ ਦੀ ਅਸਥਿਤੀ ਦਾ ਅਰੰਭ ਰਚਣਾ ਹੈ, ਤਾਂ ਜੁ ਕਲਜੁਗੀ ਜੀਵਾਂ ਦਾ ਜੁਗੋ ਜੁਗ ਉਧਾਰ ਹੁੰਦਾ ਰਹੇ।

ਭਾਈ ਸਾਹਿਬ ਜੀ ਦਾ ਇਹ ਲੇਖ ੩ ਜੂਨ ੧੯੪੬ ਰੋਜ਼ਾਨਾ 'ਅਕਾਲੀ' ਲਾਹੌਰ ਵਿਚ ਛਪਿਆ ਸੀ. ਜਿਸ ਨੂੰ ਸਾਡੇ ਪਾਠਕ ਭਾਈ ਮਨਮੋਹਨ ਸਿੰਘ ਜੀ ਬੁਤਾਲਾ ਨੇ ਆਪਣੇ ਪਿਤਾ ਜੀ ਦੇ ਪੁਰਾਣੇ ਕਾਗਜ਼ਾਂ ਵਿਚੋਂ ਟੋਲ ਕੇ ਭੇਜਿਆ ਹੈ, ਅਤਿ ਧੰਨਵਾਦ।

—ਸੰਪਾਦਕ

---

## ਸੇਵਕ ਕੀ ਓੜਕਿ ਨਿਬਹੀ ਪ੍ਰੀਤਿ

ਮਾਨ ਮੋਹ ਅਰੁ ਲੋਭ ਵਿਕਾਰਾ ਬੀਓ ਚੀਤਿ ਨ ਘਾਲਿਓ ॥
ਨਾਮ ਰਤਨੁ ਗੁਣਾ ਹਰਿ ਬਣਜੇ ਲਾਦਿ ਵਖਰੁ ਲੈ ਚਾਲਿਓ ॥੧॥
ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥
ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ ॥੧॥ਰਹਾਉ॥
ਜੈਸੀ ਆਗਿਆ ਕੀਨੀ ਠਾਕੁਰਿ ਤਿਸ ਤੇ ਮੁਖੁ ਨਹੀ ਮੋਰਿਓ ॥
ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ ਉਠਿ ਉਆਹੂ ਕਉ ਦਉਰਿਓ ॥੨॥
ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀ ਜਾਨਿਓ ॥
ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ ॥੩॥
ਭਇਓ ਕ੍ਰਿਪਾਲੁ ਠਾਕੁਰੁ ਸੇਵਕ ਕਉ ਸਵਰੇ ਹਲਤ ਪਲਾਤਾ ॥
ਧੰਨੁ ਸੇਵਕੁ ਸਫਲੁ ਓਹੁ ਆਇਆ ਜਿਨਿ ਨਾਨਕ ਖਸਮੁ ਪਛਾਤਾ ॥੪॥੫॥

[ਮਾਰੂ ਮਹਲਾ ੫, ਪੰਨਾ ੧੦੦੦



www.AKJ.Org

# ਸੁੰਞੇ ਘਰ ਕਾ ਪਾਹੁਣਾ

[ਵਲੋਂ—ਗੁਰਪੁਰਵਾਸੀ ਮਾ: ਜੋਗਿੰਦਰ ਸਿੰਘ ਜੀ ਬੜੂੰਦੀ]

ਗੁਰਮੁਖ ਪਿਆਰੇ ਭਾਈ ਜੁਗਿੰਦਰ ਸਿੰਘ ਜੀ ਬੜੂੰਦੀ "ਸੁੰਞੇ ਘਰ ਕਾ ਪਾਹੁਣਾ" ਪੁਸਤਕ ਵਿਚ ਭਾਈ ਸਵਾਈ ਸਿੰਘ ਜੀ ਦੇ ਪ੍ਰਸ਼ਨਾਂ ਦੇ ਉਤਰ ਗੁਰਬਾਣੀ ਦੇ ਅਧਾਰ ਤੇ ਇਉਂ ਦੇ-ਦੇ ਹਨ :

ਪ੍ਰਸ਼ਨ—ਮਨਮੁਖ ਦੀਆਂ ਕੀ ਨਿਸ਼ਾਨੀਆਂ ਹਨ ?

ਉਤਰ—(੧) ਪੂਰੇ ਗੁਰ ਕਾ ਹੁਕਮੁ ਨ ਮੰਨੈ
ਓਹੁ ਮਨਮੁਖੁ ਅਗਿਆਨੁ ਮੁਠਾ ਬਿਖੁ ਮਾਇਆ ॥ (ਪੰਨਾ ੩੦੩)

ਜਿਹੜਾ ਪੂਰੇ ਗੁਰੂ ਅਥਵਾ ਸਤਿਗੁਰੂ, ਭਾਵ, ਓਹਨਾਂ ਦੇ ਪਰਗਟ ਪਰਤੱਖ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੁਕਮਾਂ ਤੋਂ ਆਕੀ ਹੈ, ਉਸ ਨੂੰ ਮਨਮੁਖ ਆਖਿਆ ਜਾਂਦਾ ਹੈ। ਉਹ ਅਗਿਆਨੀ ਅਤੇ ਵਿਹੁ ਰੂਪ ਮਾਇਆ ਦਾ ਹੀ ਪੁਤਲਾ ਹੁੰਦਾ ਹੈ।

(੨) ਜੋ ਮੋਹਿ ਮਾਇਆ ਚਿਤੁ ਲਾਇਦੇ ਮੇਰੀ ਜਿੰਦੁੜੀਏ
ਸੇ ਮਨਮੁਖ ਮੂੜ ਬਿਤਾਲੇ ਰਾਮ ॥ (ਪੰਨਾ ੫੩੯)

ਜੋ ਅਮੋਲਕ ਦੁਰਲੱਭ ਮਨੁਖਾ ਜਨਮ ਨੂੰ ਪਾ ਕਰ ਸਾਰੀ ਆਯੂ ਮੋਹ ਮਾਇਆ ਵਿਚ ਗਲਤਾਨ ਰਹਿ ਕੇ ਬਿਰਥਾ ਗੰਵਾ ਰਹੇ ਹਨ ਓਹ ਮਨਮੁਖ ਕਹੇ ਜਾਂਦੇ ਹਨ, ਅਥਵਾ ਓਹਨਾਂ ਨੂੰ ਮੂਰਖ ਅਤੇ ਬੇਸੁਰੇ ਕਹਿਣਾ ਭੀ ਉਚਿਤ ਹੈ।

(੩) ਲੋਭ ਵਿਕਾਰ ਜਿਨਾ ਮਨੁ ਲਾਗਾ ਹਰਿ ਵਿਸਰਿਆ ਪੁਰਖੁ ਚੰਗੇਰਾ ॥
ਓਇ ਮਨਮੁਖ ਮੂੜ ਅਗਿਆਨੀ ਕਹੀਅਹਿ ਤਿਨ ਮਸਤਕਿ ਭਾਗੁ ਮੰਦੇਰਾ ॥ (੭੧੧)

ਜੋ ਮੰਦਭਾਗੀ ਮੂਰਖ ਅਗਿਆਨੀ ਪੁਰਸ਼ ਮਨੁੱਖਾ ਦੇਹੀ ਨੂੰ ਪ੍ਰਾਪਤ ਕਰ ਕੇ ਝੂਠੇ ਲਾਲਚਾਂ ਵਿਕਾਰਾਂ (ਖੋਟੇ ਕੰਮਾਂ) ਵਿਚ ਗਲਤਾਨ ਰਹਿ ਕੇ ਚੰਗਿਆਈਆਂ ਦੇ ਪੁੰਜ ਅਕਾਲ ਪੁਰਖ ਵਾਹਿਗੁਰੂ ਨੂੰ ਭੁਲਾ ਬੈਠਦੇ ਹਨ ਓਹ ਮਨਮੁਖ ਹਨ।

(੪) ਸੇ ਮਨਮੁਖ ਜੋ ਸਬਦੁ ਨ ਪਛਾਣਹਿ ॥
ਗੁਰ ਕੇ ਭੈ ਕੀ ਸਾਰ ਨ ਜਾਣਹਿ ॥ (੧੦੫੪)

ਜੋ ਉਪਦੇਸ਼ ਰੂਪ ਅਸਲ ਗੁਰੂ, ਗੁਰ-ਬਾਣੀ (ਜਿਸ ਤੋਂ ਨਾਮ ਗੁਰਮੰਤ੍ਰ ਦੀ ਪ੍ਰਾਪਤੀ ਹੁੰਦੀ ਹੈ) ਦੀ ਪਛਾਣ ਨਹੀਂ ਕਰਦੇ, ਅਥਵਾ ਗੁਰਬਾਣੀ ਦੇ ਹੁਕਮਾਂ ਦੀ ਤਾਮੀਲ ਨਹੀਂ ਕਰਦੇ ਤੇ ਨਾ ਹੀ ਗੁਰੂ ਦਾ ਕੋਈ ਡਰ ਭਉ ਰਖਦੇ ਹਨ ਓਹ ਮਨਮੁਖ ਹਨ।

(੫) ਜਿਨੀ ਰਾਮੋ ਰਾਮ ਨਾਮੁ ਵਿਸਾਰਿਆ
ਸੇ ਮਨਮੁਖ ਮੂੜ ਅਭਾਗੀ ਰਾਮ ॥ (ਪੰਨਾ ੪੪੩)

ਜਿਨ੍ਹਾਂ ਖੋਟੇ ਭਾਗਾਂ ਵਾਲੇ ਮੂਰਖ ਪੁਰਸ਼ਾਂ ਨੇ ਵਾਹਿਗੁਰੂ ਦੇ ਨਾਮ ਨੂੰ ਭੁਲਾ ਛੱਡਿਆ ਹੈ ਉਹ ਮਨਮੁਖ ਆਖੇ ਜਾਂਦੇ ਹਨ।

(੬) ਜਿਨ ਹਰਿ ਹਰਿ ਨਾਮੁ ਨ ਚੇਤਿਓ ਮੇਰੀ ਜਿੰਦੁੜੀਏ
ਤੇ ਮਨਮੁਖ ਮੂੜ ਇਆਣੇ ਰਾਮ ॥ (ਪੰਨਾ ੫੪੦)



www.AKJ.Org

ਜੋ ਪੂਰੇ ਗੁਰੂ ਤੋਂ ਸ਼ਬਦ ਗੁਰ-ਮੰਤ੍ਰ ਲੈ ਕੇ ਸਾਸਿ ਗਿਰਾਸਿ ਨਾਮ ਨਹੀਂ ਜਪਦੇ ਓਹ ਮੂਰਖ ਇਆਣੇ ਮਨਮੁਖ ਹਨ।

(੭) ਬਿਨੁ ਗੁਰ ਮੂੜ ਭਏ ਹੈ ਮਨਮੁਖ
ਤੇ ਮੋਹ ਮਾਇਆ ਨਿਤ ਫਾਥਾ ॥ (ਪੰਨਾ ੬੯੬)

ਨਿਗੁਰੇ ਮੋਹ-ਮਾਇਆ ਦੇ ਜਾਲ ਵਿਚ ਫਸੇ ਮੂਰਖਾਂ ਪੁਰਸ਼ਾਂ ਨੂੰ ਹੀ ਮਨਮੁਖ ਆਖਿਆ ਜਾਂਦਾ ਹੈ।

(੮) ਨਾਨਕ ਨਾਮ ਵਿਹੂਣੇ ਮਨਮੁਖੀ
ਜਾਸਨਿ ਜਨਮੁ ਗਵਾਇ ॥ (ਪੰਨਾ ੬੫੦)

ਨਾਮ ਤੋਂ ਸਖਣੇ, ਅਮੋਲਕ ਜਨਮ ਨੂੰ ਭੰਗ ਦੇ ਭਾੜੇ ਗੁਆ ਕੇ ਜਾਣ ਵਾਲੇ ਪੁਰਸ਼ਾਂ ਨੂੰ ਦੂਜੇ ਸ਼ਬਦਾਂ ਵਿਚ ਮਨਮੁਖ ਕਹਿਆ ਗਇਆ ਹੈ।

(੯) ਗੁਰਮੁਖਿ ਜਿਨੀ ਨਾਮੁ ਨ ਪਾਇਆ।
ਮਨਮੁਖਿ ਬਿਰਥਾ ਜਨਮੁ ਗਵਇਆ ॥ (੧੦੧੬)

ਜਿਹੜੇ ਪੂਰੇ ਗੁਰੂ ਸਤਿਗੁਰੂ ਨੂੰ ਭੇਟ ਕੇ (ਸਤਿਗੁਰੂ ਦੇ ਸਨਮੁਖ ਹੋ ਕੇ) ਗੁਰ-ਮੰਤ੍ਰ ਦੀ ਪ੍ਰਾਪਤੀ ਨਹੀਂ ਕਰਦੇ ਓਹ ਆਪਣੇ ਅਮੋਲਕ ਜਨਮ ਨੂੰ ਬਿਰਥਾ ਗੰਵਾਉਣ ਵਾਲੇ ਮਨਮੁਖ ਹਨ।

**ਪ੍ਰਸ਼ਨ**:—ਪੂਰੇ ਗੁਰੂ; ਅਥਵਾ ਸਤਿਗੁਰੂ ਨੂੰ ਭੇਟਣ ਤੋਂ ਆਪ ਜੀ ਦਾ ਕੀ ਭਾਵ ਹੈ? ਗੁਰ-ਮੰਤ੍ਰ, ਗੁਰ-ਸ਼ਬਦ ਕੀ ਪਦਾਰਥ ਹਨ?

**ਉਤਰ**—ਪੂਰੇ ਗੁਰੂ ਅਥਵਾ ਸਤਿਗੁਰੂ ਦੇ ਪੂਰਨ ਲਕਸ਼ਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਮੌਜੂਦ ਹਨ, ਜੋ ਵਖਰੇ ਪਰਕਰਣ ਵਿਚ ਵਿਸਥਾਰ ਸਹਿਤ ਲਏ ਜਾਣਗੇ, ਇਥੇ ਆਪ ਦੀ ਗਿਆਤ ਲਈ ਹੇਠ ਲਿਖੀਆਂ ਦੋ ਗੁਰ-ਪੰਗਤੀਆਂ ਹੀ ਦਿਤੀਆਂ ਜਾਂਦੀਆਂ ਹਨ—

ਗੁਰੁ ਦਾਤਾ ਗੁਰੁ ਹਿਵੈ ਘਰੁ ਗੁਰੁ ਦੀਪਕੁ ਤਿਹ ਲੋਇ ॥
ਅਮਰ ਪਦਾਰਥੁ ਨਾਨਕਾ ਮਨਿ ਮਾਨਿਐ ਸੁਖੁ ਹੋਇ ॥ (ਪੰਨਾ ੧੩੭)

ਦੇਖੋ ਚਾਰ ਮੋਟੀਆਂ ਨਿਸ਼ਾਨੀਆਂ ਉਕਤ ਦੋ ਪੰਗਤੀਆਂ ਵਿਚ ਗੁਰੂ ਬਾਰੇ ਦਸੀਆਂ ਗਈਆਂ ਹਨ, ਪਰੰਤੂ "ਸਤਿਗੁਰੂ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ" (੪੩੫) ਦੇ ਭਾਵ ਅਨੁਸਾਰ ਗੁਰੂ ਕੇਵਲ ਇਕ ਹੈ ਜਿਸ ਨੂੰ "ਸਤਿਗੁਰੂ" ਨਾਲ ਨਿਕੇਤਿਆ ਗਿਆ ਹੈ, ਜੋ ਉਪਰ ਕਹੇ ਅਨੁਸਾਰ ਵਖਰੇ ਪਰਕਰਣ ਵਿਚ ਵਿਆਖਿਆ ਜਾਊ। ਏਥੇ ਕੇਵਲ ਇਤਨਾ ਦਸਣਾ ਹੀ ਉੱਚਿਤ ਹੈ ਕਿ ਨਿਰੰਕਾਰੀ ਸਤਿਗੁਰੂ ਦਾ ਨਿਰਗੁਣ ਸਰੂਪ ਉਪਦੇਸ਼ ਰੂਪ ਗੁਰਬਾਣੀ ਹੈ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਪ੍ਰਾਣੀ ਮਾਤਰ ਲਈ ਸਦਾ ਵਾਸਤੇ ਉਧਾਰ ਕਰਨ ਨੂੰ ਸਮਰਥ ਹੈ। ਦੂਸਰਾ ਸਤਿਗੁਰੂ ਦਾ ਪਰਤਖ ਪਰਗਟ ਸਰਗੁਣ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਪੰਜ ਪਿਆਰੇ (ਤਿਆਰ ਬਰ ਤਿਆਰ) ਹਨ; ਜੋ ਨਾਮ ਗੁਰ ਮੰਤ੍ਰ ਦੇ ਕੇ ਪ੍ਰਾਣੀ ਨੂੰ ਸਗੁਰਾ ਕਰਨ ਦੀ ਸਮਰੱਥਾ ਰਖਦੇ ਹਨ। ਸੋ ਸਤਿਗੁਰੂ ਨੂੰ ਭੇਟਣ ਦਾ ਭਾਵ ਮੋਟੇ ਸ਼ਬਦਾਂ ਵਿਚ ਪੂਰਨ ਗੁਰ ਮਰਯਾਦਾ ਅਨੁਸਾਰ ਨਾਮ ਗੁਰ-ਮੰਤ੍ਰ ਦੀ ਪ੍ਰਾਪਤੀ ਕਰਨ ਤੋਂ ਹੈ। ਜਾਂ ਦੂਜੇ ਸ਼ਬਦਾਂ ਵਿਚ ਇਸ ਦੀ ਵਿਆਖਿਆ "ਅੰਮ੍ਰਿਤ ਛਕਣ" ਸ਼ਬਦ ਵਰਤ ਕੇ ਕੀਤੀ ਜਾ ਸਕਦੀ ਹੈ। ਬਾਕੀ ਰਿਹਾ 'ਗੁਰ-ਸ਼ਬਦ' ਇਸ ਦੀ ਵਿਆਖਿਆ ਭੀ ਵਖਰੇ ਪਰਕਰਣ ਵਿਚ ਹੀ ਕੀਤੀ ਜਾਣੀ ਠੀਕ ਹੋਵੇਗੀ, ਨਹੀਂ ਤਾਂ ਆਪਣੇ ਅਸਲ ਟਾਪਿਕ (ਪਰਕਰਣ) ਤੋਂ ਲਾਂਭੇ ਚਲੇ ਜਾਵਾਂਗੇ।

(ਲੇਖ ਚਲਦਾ)



www.AKJ.Org

# ਸ੍ਰੀ ਜਪੁਜੀ ਵਿਚ ਪੰਜ ਖੰਡ

[ਵਿਆਖਿਆਕਾਰ—ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਮਈ ੧੯੮੦ ਦੇ ਸੂਰਾ ਵਿਚ ਛਾਪੇ ਗਏ ਲੇਖ ਵਿਚ, ਭਾਈ ਸਾਹਿਬ ਜੀ ਦੀ ਲੇਖਣੀ ਰਾਹੀਂ, ਇਹ ਦਸਿਆ ਗਿਆ ਹੈ ਕਿ ਸ੍ਰੀ ਜਪੁਜੀ ਸਾਹਿਬ ਵਿਚ ਆਏ ਪੰਜ ਖੰਡ ਕੇਵਲ ਅਨਭਵੀ ਅਤ੍ਰਜਬਾਤ੍ਰਾਂ ਨਹੀਂ ਹਨ, ਸਗੋਂ ਇਹ ਤੱਤ ਸੱਤਤਾ ਵਾਲੇ ਵਾਸਤਵੀ ਮੰਡਲ ਹਨ। ਇਹ ਖੰਡ ਦਿੱਬ ਮੰਡਲ ਹਨ, ਬੜੀ ਦੂਰ ਹਨ।

ਭਾਈ ਸਾਹਿਬ ਜੀ ਨੇ ਸ੍ਰੀ ਜਪੁਜੀ ਦੇ ਅਧਾਰ ਤੇ ਇਨ੍ਹਾਂ ਖੰਡਾਂ ਦੀ ਜੋ ਵਿਆਖਿਆ ਕੀਤੀ ਹੈ, ਉਹ ਹੇਠਾਂ ਦਿਤੀ ਜਾ ਰਹੀ ਹੈ। —ਸੰਪਾਦਕ

## ੧. ਧਰਮ ਖੰਡ—

ਜਪੁਜੀ ਸਾਹਿਬ ਦੀ ੩੪ਵੀਂ ਪਉੜੀ ਦਰਸਾਉਂਦੀ ਹੈ ਕਿ :—

ਰਾਤੀ ਰੁਤੀ ਥਿਤੀ ਵਾਰ ॥ ਪਵਣ ਪਾਣੀ ਅਗਨੀ ਪਾਤਾਲ ॥

ਮਈ ਕੁਦਰਤੀ ਸਾਜਨਾ ਕਰਤੇ ਪੁਰਖ ਅਕਾਲ ਦੀ ਸਾਜੀ ਹੋਈ ਹੈ। ਉਸੇ ਕੁਦਰਤਿ ਦੀ ਰਚਨਾ ਅੰਦਰ ਇਕ ਧਰਮਸਾਲ ਰੂਪੀ ਸੂਖਮ ਧਰਤ - ਮੰਡਲ ਭੀ ਸਾਜਨਹਾਰੇ ਨੇ ਸਾਜ ਰਖਿਆ ਹੈ। ਇਸ ਧਰਤੀ ਤੋਂ ਮੁਰਾਦ ਇਹ ਮਾਤ ਲੋਕੀ ਧਰਤੀ ਨਹੀਂ, ਬਲਕਿ ਉਹ ਦਿਬ ਦੀਪ-ਮੰਡਲ ਹੈ ਜਿਥੇ ਅਕਾਲ ਪੁਰਖ ਦਾ ਥਾਪਿਆ ਧਰਮ ਰਾਜ ਬੈਠ ਕੇ ਨਿਆਉਂ ਬੀਚਾਰਦਾ ਹੈ। ਇਸ ਧਰਮ-ਧਰਤ-ਮੰਡਲ ਨੂੰ ਆਪਣੀ ਇਸ ਦੁਨਿਆਵੀ ਧਰਤੀ ਦੀ ਸਥੂਲਤਾ ਦੀ ਤੁਲਤਾ ਦੇਣੀ ਅਗਿਆਨਤਾ ਹੈ। ਇਹ ਮੰਡਲ ਅਤ ਸੂਖਮ ਮੰਡਲ ਹੈ, ਜੋ ਧਰਮ ਨਿਆਉਂ ਵੀਚਾਰਨ ਹਿਤ ਧਰਮਸਾਲ ਹੈ, ਬਾਕੀ ਮਾਤ ਲੋਕ ਆਦਿ ਜੋ ਮੰਡਲ ਹਨ, ਉਹ ਸਭ ਕਰਮ-ਭੂਮੀਆਂ ਅਰਥਾਤ ਕਰਮ-ਛੇਤਰ ਹਨ, ਜਿਥੇ ਕਮਾਤੇ ਕਰਮਾਂ ਦਾ ਲੇਖਾ ਏਸ ਧਰਮਸਾਲ ਵਿਚ ਹੁੰਦਾ ਹੈ।

ਏਥੈ ਦਾ ਧਰਮ-ਰਾਜ ਭੀ ਇਸ ਧਰਤੀ ਦੇ ਰਾਜਿਆਂ ਵਰਗਾ ਨਹੀਂ, ਅਕਾਲ ਪੁਰਖ ਦਾ ਨਿਜ ਰੂਪ ਅਸਥਾਪਿਆ ਹੋਇਆ ਦੈਵ ਦਿਬ ਮੂਰਤਿ, ਕਾਲ ਰਹਿਤ ਅਕਾਲ ਮੂਰਤਿ ਦੀ ਨਿਜ ਸ਼ਕਤ ਸਮਰਥਨੀ ਧਰਮ ਨਿਆਉਂ ਕਲਾ ਵਾਲਾ, ਧਰਮ ਕਲਾ ਅਭੇਦ ਰੂਪ ਨਿਜ ਸ੍ਵਰੂਪ ਮੂਰਤੀਮਾਨ ਡਿਪਟੀ ਹੈ। ਇਸ ਧਰਮ ਰਾਜ ਨੂੰ ਦੁਨੀਆਵੀ ਰਾਜਿਆਂ ਵਾਂਙੂ ਨਿਆਉਂ ਇਨਸਾਫ਼ ਵੀਚਾਰਨ ਲਈ ਗਵਾਹੀਆਂ ਸ਼ਾਹਦੀਆਂ ਦੀ ਲੋੜ ਨਹੀਂ। ਇਸ ਨੂੰ ਅਕਾਲ ਪੁਰਖ ਦੀ ਧੁਰ-ਹੁਕਮ-ਧੁਰੰਧਰੀ ਅੰਤਰਯਾਮਤਾ ਪ੍ਰਾਪਤ ਹੈ, ਜਿਸ ਦੁਆਰਾ ਇਹ ਆਪੇ ਹੀ ਸੱਚਾ ਨਿਆਉਂ ਵਿਚਾਰਦਾ ਹੈ।

ਧਰਮਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ ॥

[ਸਿਰੀ ਰਾਗ ਮ: ੩, ਪੰਨਾ ੩੮

ਏਥੇ ਅਕਾਲ ਪੁਰਖ ਦੀ ਅੰਤਰਯਾਮਤਾ ਪਰਦਾਨਿਆ-ਸੱਚਾ-ਹੁਕਮ ਹੀ ਵਰਤਦਾ ਹੈ ਅਤੇ ਸਚਾ ਨਿਆਉਂ ਹੀ ਵੀਚਾਰੀਦਾ ਹੈ। ਇਸ ਸੱਚੀ ਧਰਮਸਾਲ ਵਿਖੇ ਅਨਿਕ ਪ੍ਰਕਾਰ ਦੀ ਜੋਨਿ-ਜੁਗਤਿ ਦੇ ਰੰਗਾਂ ਵਾਲੇ ਅਤੇ ਅਨੇਕ ਅਨੰਤ ਪ੍ਰਕਾਰ ਦੇ ਨਾਵਾਂ ਵਾਲੇ ਜੀਅ ਜੰਤ, ਸਥੂਲ ਧਰਤੀਆਂ ਵਾਲੇ, ਹੋਰਨਾਂ ਖੰਡਾਂ ਬ੍ਰਹਿਮੰਡਾਂ ਤੋਂ ਮਰਨ-ਪ੍ਰਯੰਤ ਆ ਕੇ ਵਾਰਦ (ਦਾਖ਼ਲ) ਹੁੰਦੇ ਹਨ। ਜਿਨ੍ਹਾਂ ਦੇ ਆਪੋ ਆਪਣੇ


www.AKJ.Org

ਕਰਮਾਂ ਅਨੁਸਾਰ ਸਚੜਾ ਵੀਚਾਰ ਹੋ ਕੇ ਨਿਆਉਂ ਨਿਬੇੜਾ ਹੁੰਦਾ ਹੈ। ਸੱਚਾ ਨਿਆਉਂ ਨਿਬੇੜਾ ਏਸ ਕਰਕੇ ਹੁੰਦਾ ਹੈ ਕਿ ਨਿਆਉਂ ਕਰਨ ਵਾਲਾ ਸੱਚਾ ਮੁਨਸਫ ਧਰਮ ਰਾਇ ਆਪ ਸਚੜੇ ਅੰਤਰਯਾਮੀ ਅਕਾਲ ਪੁਰਖ ਦਾ ਹੀ ਧਰਮ-ਨਿਆਉਂ-ਕਲਾ-ਸਪੰਨ ਥਾਪਿਆ ਹੋਇਆ ਡਿਪਟੀ ਹੁੰਦਾ ਹੈ। ਤਾਂਤੇ ਸੱਚੇ ਦਾ ਏਹ ਨਿਆਉਂ-ਨਿਬੇੜੂ ਦਰਬਾਰ ਹੀ ਸੱਚਾ ਦਰਬਾਰ ਹੈ। ਕੋਈ ਦੁਨੀਆਵੀ ਰਾਜ-ਦਰਬਾਰਾਂ ਵਾਲਾ ਅਲਪ-ਬੁਧਮਤੀ ਨਿਆਉਂ ਕਰਨ ਵਾਲਾ ਦੜਾ ਦੀਬਾਨ ਨਹੀਂ। ਤਿਸ ਸੱਚੇ ਦੇ ਸੱਚੇ ਦਰਬਾਰ ਵਿਖੇ ਪਰਵਾਣ ਪਏ ਪੂਗ ਖਲੋਤੇ ਜਨ, ਧਰਮ ਰਾਜ ਦੀ ਧਰਮ-ਬੀਚਾਰ ਦੰਡ ਈਨ ਤੋਂ ਨਿਰਲੇਪ ਨਿਰਾਲਮ ਰਹਿੰਦੇ ਹੋਏ ਅਦਭੁਤ ਆਤਮ ਉਭਰਾਉ-ਕਲਾ-ਨੇਸ਼ਾਨੀ ਹੁੰਦੇ ਹੋਏ ਨਿਰਾਲੇ ਹੀ ਸੋਭਾ ਪਾਉਂਦੇ ਹਨ। ਉਹ ਧਰਮ ਰਾਏ ਦੇ ਨਿਆਉਂ ਧਰਮ ਲੇਖੇ ਤੋਂ ਅਪਰੰਪਰ ਰਹਿੰਦੇ ਹਨ। ਧਰਮ ਰਾਇ ਤਿਨ੍ਹਾਂ ਦੇ ਕਰਮ ਧਰਮ ਨਹੀਂ ਬੀਚਾਰ ਸਕਦਾ, ਨਾ ਹੀ ਤਿਨ੍ਹਾਂ ਦੇ ਕਰਮਾਂ ਤੇ ਕੋਈ ਉਟੰਕਨ ਕਰਿ ਸਕਦਾ ਹੈ:

ਧਰਮ ਰਾਇ ਤਿਨਾ ਕਾ ਮਿਤੁ ਹੈ ਜਮ ਮਗਿ ਨ ਪਾਵੈ ॥ [ਮਾਰੂ ਮ: ੧, ਪੰ: ੧੦੬੧

ਤਿਨ੍ਹਾਂ ਪੂਰੇ ਪੁਰਖਾਂ, ਪੰਚ ਪ੍ਰਵਾਨ ਜਨਾਂ ਦੀ ਪੂਰੀ ਨਾਮ-ਅਭਿਆਸ ਕਮਾਈ ਵਾਲੇ ਪੂਰੇ ਸੁਫਲ ਕਰਮ, ਕਰਮਨ ਸਿਰ ਕਰਮ ਦੇ ਪ੍ਰਭਾਵ ਕਰਕੇ, ਤਿਨ੍ਹਾਂ ਦੇ ਦਿਬ ਮੂਰਤੀ ਮਸਤਕ ਉਤੇ ਵਾਹਿਗੁਰੂ ਦੀ ਨਦਰ ਦਾ ਨੀਸਾਨ ਹੁੰਦਾ ਹੈ। ਜਿਸ ਕਰਕੇ ਤਿਨ੍ਹਾਂ ਨਦਰ ਕਰੰਮ ਦੇ ਧੁਰੋਂ ਬਖਸ਼ੇ ਪੰਚ ਪਰਵਾਨ ਜਨਾਂ ਦੇ ਨੇੜੇ ਧਰਮ ਰਾਇ ਆ ਹੀ ਨਹੀਂ ਸਕਦਾ, ਹੋਰ ਕਿਸੇ ਜਮ ਜਾਗਾਤੀ ਨੇ ਤਾਂ ਕੀ ਨੇੜੇ ਆਉਣਾ ਸੀ। ਉਹ ਪੰਚ ਪਰਵਾਨ ਜਨ ਧਰਮ ਮੰਡਲ ਧਰਮਸਾਲ ਦੀ ਨਿਆਉਂ-ਟਕਸਾਲ ਤੋਂ ਸੁਰਖ਼ਰੂ ਹੋ ਕੇ ਉਭਰਦੇ ਹਨ। ਇਸ ਮਾਤ ਲੋਕ ਵਿਖੇ ਹੁੰਦਿਆਂ ਭੀ ਤਿਨ੍ਹਾਂ ਪੰਚ ਪਰਵਾਨ ਜਨਾਂ ਦੀ ਧਰਮ ਖੰਡ ਵਿਖੇ ਸੁਰਤਿ ਸਮਾਈ ਹੁੰਦੀ ਹੈ। ਅਰਥਾਤ ਉਹ ਏਥੇ ਬੈਠਿਆਂ ਹੀ ਧਰਮ ਖੰਡ ਦਾ ਨਜ਼ਾਰਾ ਦੇਖ ਸਕਦੇ ਹਨ, ਕਿਉਂਕਿ ਇਹ ਦਰ ਮਕਬੂਲ ਪੰਚ ਪ੍ਰਵਾਨ ਐਥੇ ਇਸ ਲੋਕ ਵਿਖੇ ਭੀ ਗੁਰ-ਸੰਗਤ ਅੰਦਰ ਕੀਰਤਨ ਤੇ ਸਿਫਤ-ਸਾਲਾਹ ਕਰਦੇ ਹੋਏ ਸੱਚੇ ਦਰਬਾਰ ਵਿਖੇ ਸਮਾਈ ਅਰਥਾਤ ਗੰਮਤਾ ਰਖਦੇ ਹਨ, ਤਿਨ੍ਹਾਂ ਪੰਚ ਪ੍ਰਵਾਨ ਪ੍ਰਮ ਸਰੇਸ਼ਟ ਸ਼ਬਦ ਸੁਰਤੀਸ਼ਰਾਂ ਨੂੰ ਚੋਲਾ ਛਡਣ ਪਰ ਸੱਚੇ ਦਰਬਾਰ ਦੀ ਪਹੁੰਚ ਸਮਾਈ ਤੋਂ ਕਉਣ ਠਾਕ ਰਹਾ ਸਕਦਾ ਹੈ।

ਹੋਰ ਕੱਚਿਆਂ ਪਿੱਲਿਆਂ ਦੀ ਸੋਧ-ਸੁਧਾਈ ਅਤੇ ਪਰਖ-ਪਰਖਾਈ ਮਈ ਪਕਾਈ ਓਥੇ (ਧਰਮ ਖੰਡ ਵਿਖੇ) ਜਾ ਕੇ ਹੀ ਹੁੰਦੀ ਹੈ। ਇਸ ਸੱਚੇ ਧਰਮ-ਖੰਡੀ ਦਰਬਾਰ ਵਿਖੇ ਹੀ ਪਤਾ ਲਗਦਾ ਹੈ ਕਿ ਕਉਣ ਉਤਮ ਹੈ ਅਤੇ ਕਉਣ ਨੀਚ ਹੈ। ਯਥਾ:—

ਰਾਤੀ ਰੁਤੀ ਥਿਤੀ ਵਾਰ ॥ ਪਵਣ ਪਾਣੀ ਅਗਨੀ ਪਾਤਾਲ ॥
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ ॥
ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥ ਤਿਨ ਕੇ ਨਾਮ ਅਨੇਕ ਅਨੰਤ ॥
ਕਰਮੀ ਕਰਮੀ ਹੋਇ ਵੀਚਾਰੁ ॥ ਸਚਾ ਆਪਿ ਸਚਾ ਦਰਬਾਰੁ ॥
ਤਿਥੈ ਸੋਹਨਿ ਪੰਚ ਪਰਵਾਣੁ ॥ ਨਦਰੀ ਕਰਮਿ ਪਵੈ ਨੀਸਾਣੁ ॥
ਕਚ ਪਕਾਈ ਓਥੈ ਪਾਇ ॥ ਨਾਨਕ ਗਇਆ ਜਾਪੈ ਜਾਇ। ੩੪॥

"ਤਿਥੈ" "ਓਥੈ" ਆਦਿਕ ਪਦਾਂ ਦਾ ਉਪਰਲੇ ਗੁਰਵਾਕ ਵਿਖੇ ਆਉਣਾ ਸਿਧ ਕਰਦਾ ਹੈ ਕਿ ਕਾਦਰਿ ਕੁਦਰਤਿ ਦੀ ਅਗਾਧ ਅਦ੍ਰਿਸ਼ਟ ਰਚਨਾ ਅੰਦਰਿ ਧਰਮ ਖੰਡ ਇਕ ਅਜਿਹਾ ਅਸਥਾਨ ਹੈ ਜਿਥੇ ਬਹਿ ਕੇ ਧਰਮ ਰਾਇ ਸੱਚਾ ਨਿਆਉਂ ਨਿਬੇੜਦਾ ਹੈ। ਜਿਥੇ ਸੱਚੇ ਦਾ ਸੱਚਾ ਦਰਬਾਰ, ਨਿਆਉਂ ਕਚਹਿਰੀ ਵਾਲਾ ਦਰਬਾਰ ਲਗਦਾ ਹੈ। ਇਹ ਧਰਮ-ਰਾਇ-ਖੰਡੀ-ਅਸਥਾਨ-ਮੰਡਲ ਕਿਸ ਸਾਖਤ ਦਾ ਬਣਿਆ


www.AKJ.Org

ਹੋਇਆ ਅਤੇ ਕਿਵੇਂ ਕਿਸ ਪ੍ਰਕਾਰ ਦਾ ਨਿਆਉਂ ਓਥੇ ਨਿਬੇੜੀਦਾ ਹੈ, ਇਹ ਭੇਦ ਤਾਂ ਕੇਵਲ ਉਸ ਧਰਮ-ਖੰਡ ਰੂਪੀ ਅਸਥਾਨ ਵਿਖੇ ਗਇਆਂ ਹੀ ਖੁੱਲ੍ਹਦਾ ਹੈ । ਏਹਨਾਂ ਪੰਜ ਭੂਤਕ ਇਲਮ-ਇੰਦਰਿਆਂ ਦੁਆਰਾ ਉਸ ਅਸਥਾਨ ਦੀ ਗਹਿਣ-ਗਤਿ ਵਰਣੀ ਨਹੀਂ ਜਾ ਸਕਦੀ। ਜਿਨ੍ਹਾਂ ਪੁਗ ਖਲੋਤੇ ਪੰਚ ਪਰਵਾਨ ਜਨਾਂ ਨੇ ਐਥੇ ਇਸ ਮਾਤ ਲੋਕੀ ਮੰਡਲ ਵਿਖੇ ਬੈਠਿਆਂ ਹੀ ਉਸ ਦਿਬ ਮੰਡਲੀ ਅਸਥਾਨ ਧਰਮ-ਖੰਡ ਨੂੰ ਪੇਖਿਆ ਹੈ, ਉਹਨਾਂ ਨੂੰ ਭੀ ਇਹ ਪ੍ਰੋਖੋਂ ਨਹੀਂ ਕਿ ਉਹ ਉਸ ਅਸਥਾਨ ਦਾ ਕੋਈ ਨਕਸ਼ਾ ਬੰਨ੍ਹ ਸਕਣ। ਨਕਸ਼ਾ ਬੰਨ੍ਹਣ ਲਈ ਕੋਈ ਅਨੁਮਾਨ ਉਦਾਹਰਣ ਅਜਿਹੇ ਲੋੜੀਦੇ ਹਨ, ਜਿਨ੍ਹਾਂ ਨੂੰ ਸਮਝ ਕੇ ਇਹ ਮਾਤ-ਲੋਕੀ ਸਥੂਲ-ਬੁਧੀ ਵਾਲੇ ਜੀਵ ਪਤੀਜ ਸਕਣ, ਪਰ ਉਹਨਾਂ ਨੂੰ ਪਤੀਜ ਕਿਵੇਂ ਆਵੇ। ਉਹ ਤਾਂ ਸਥੂਲ ਸ੍ਰਿਸ਼ਟੀ ਪਦਾਰਥਾਂ ਦੇ ਉਦਾਹਰਨ ਦੁਆਰਾ ਹੀ ਪਤੀਜਣਗੇ, ਪਰ ਸਥੂਲ ਸ੍ਰਿਸ਼ਟੀ ਉਦਾਹਰਨ ਨਾਲ ਘਰ ਪੂਰਾ ਹੋ ਨਹੀਂ ਸਕਦਾ। ਨਾ ਹੀ ਪੂਰਾ ਨਕਸ਼ਾ ਬਝ ਸਕਦਾ ਹੈ । ਤਾਂਤੇ ਅਦ੍ਰਿਸ਼ਟ ਅਗੋਚਰ ਰਚਨਾ ਦੇ ਗੋਝ ਗਿਆਨ ਪ੍ਰਥਾਇ ਹੀ ਇਹ ਕਹਿਣਾ ਬਣਦਾ ਹੈ ਕਿ :--

ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥ (੧੩੭੦)
ਕਹੇ ਨ ਕੋ ਪਤੀਆਇ ॥ (੧੩੭੧)

ਅਲਪੱਗ ਜੀਵਾਂ ਦੀਆਂ ਸਹਸ ਸਿਆਣਪੀ ਮੱਤਾਂ ਗੂੜ੍ਹ ਤੋਂ ਗੂੜ੍ਹ ਲਾਜਕ, ਫ਼ਿਲਾਸਫ਼ੀਆਂ ਅਤੇ ਸਾਇੰਸ-ਵਿਦਿਆ, ਦਾਨਸ਼ਾਂ, ਕਿਆਫ਼ਾਦਾਨੀਆਂ ਭੀ ਇਸ ਇਲਮੁਲ ਗ਼ੈਬੀ ਭੇਦ ਤੇ ਤੱਤ ਨੂੰ ਨਹੀਂ ਜਾਣ ਸਕਦੀਆਂ। ਗੁਰਮਤਿ ਦੇ ਸਰਧਾਲੂ ਜਨ ਕੇਵਲ ਸਥੂਲ ਗਿਆਨ ਸੰਪੰਨੇ ਪੰਜ ਇੰਦ੍ਰਿਆਂ ਦੀ ਸ਼ਹਾਦਤ ਉਤੇ ਹੀ ਇਲਮੁਲ ਗ਼ੈਬ ਦੇ ਗਿਆਨ ਦਾ ਨਿਰਭਰ ਨਹੀਂ ਰਖਦੇ; ਉਹਨਾਂ ਦੀਆਂ ਦਿਬ ਦ੍ਰਿਸ਼ਟੀ ਅੰਤਰੀਵੀ ਅੱਖ-ੜੀਆਂ ਨੂੰ ਜਦੋਂ ਅੰਦਰਲਾ ਚਾਨਣਾ ਹੁੰਦਾ ਹੈ ਤਾਂ ਆਪੇ ਹੀ ਸਾਰੇ ਗੂੜ੍ਹ ਗੁਪਤ ਭੇਦ ਖੁਲ੍ਹ ਜਾਂਦੇ ਹਨ। ਇਸ ਅੰਤਰੀਵੀ ਤੱਤ-ਆਤਮ-ਗਿਆਨ ਦ੍ਰਿਸ਼ਟ ਦੇ ਬੇਤੇ ਹੋਣ ਤੋਂ ਪਹਿਲਾਂ ਤਿਨ੍ਹਾਂ ਦੀ ਸਰਧਾ ਗੁਰਵਾਕਾਂ ਦੀ ਸੱਤਤਾ ਉਤੇ ਪੱਕੀ ਪਰਤੀਤ ਵਾਲੀ ਹੁੰਦੀ ਹੈ। ਉਹ ਏਹਨਾਂ ਗੁਮਰਾਹ-ਕੁਨ ਗਿਆਨ ਵਾਲੇ ਇੰਦ੍ਰਿਆਂ ਦੇ ਮਗਰ ਨਹੀਂ ਲਗਦੇ, ਅਤੇ ਏਹਨਾਂ ਮਗਰ ਲਗ ਕੇ ਗੁਰਵਾਕਾਂ ਦੀ ਤੱਤ ਸੱਤਤਾ ਤੋਂ ਮੁਨਕਰ ਨਹੀਂ ਹੁੰਦੇ, ਉਨ੍ਹਾਂ ਦ੍ਰਿੜ੍ਹ ਕਰਕੇ ਇਸ ਗੱਲ ਨੂੰ ਗਹਿਆ ਹੋਇਆ ਹੁੰਦਾ ਹੈ ਕਿ ਜੋ ਕੁਛ ਗੁਰਬਾਣੀ ਆਖਦੀ ਹੈ ਸੋ ਸਭ ਸਤਿ ਸਤਿ ਹੈ। ਹੋਰ ਕਚ-ਮਤੀਆਂ ਸਭ ਕੂੜੀਆਂ ਹਨ। ਗੁਰਵਾਕਾਂ ਦੀ ਇਹ ਸਰਧਾ-ਭਾਵਨੀ ਤਿਨ੍ਹਾਂ ਨੂੰ ਪਰਮਾਰਥ ਦੇ ਤੱਤ-ਖੋਜੀ ਬਣਾਉਂਦੀ ਹੋਈ ਅਤੇ ਗੁਰ-ਬਚਨਾਂ ਦੀ ਕਮਾਈ ਕਰਾਉਂਦੀ ਹੋਈ ਗੁਪਤ ਰਚਨਾ ਦੇ ਸਭ ਭੇਦ ਖੋਲ੍ਹ ਦਿੰਦੀ ਹੈ, ਜਿਸ ਤੱਤ-ਲਖਤਾ ਵਾਲੀ ਆਤਮ-ਅਵਸਥਾ ਨੂੰ ਓਹ ਅੰਦਰੋਂ ਅੰਦਰਿ ਮਾਣ ਕੇ ਵਿਗਸਦੇ ਅਤੇ ਬਿਸਮ ਅਨੰਦੀ ਹੋਵੰਦੇ ਹਨ ।

ਜਪੁਜੀ ਸਾਹਿਬ ਦੀ ਪਿਛਲੀ (ਉਪਰਲੇ ਪ੍ਰਮਾਣ ਵਿਚ ਦਿਤੀ) ਪਉੜੀ ਵਿਚ ਵਰਨਣ ਕੀਤੇ ਧਰਮ ਖੰਡ ਦੇ ਬਿਰਤਾਂਤ ਨੂੰ ਅਗਲੀ ਪੈਂਤੀਵੀਂ ਪਉੜੀ ਦੇ ਅਰੰਭ ਵਿਚ ਹੀ ਗੁਰੂ ਸਾਹਿਬ ਇਉਂ ਨਿਯਮਾਉਂਦੇ ਹਨ :—

ਧਰਮ ਖੰਡ ਕਾ ਏਹੋ ਧਰਮੁ ॥

ਅਰਥਾਤ ਉਪਰਲੀ ਪਉੜੀ ਵਿਚ ਨਿਰੂਪਨ ਅਤੇ ਵਰਨਣ ਕੀਤਾ ਨਿਰਣਾ ਹੀ ਧਰਮ ਖੰਡ ਦਾ ਤੱਤ ਨਿਯਮਾਵਲੀ ਬਿਰਤਾਂਤ ਹੈ।

## ੨. *ਗਿਆਨ ਖੰਡ–*

ਧਰਮ ਖੰਡ ਦੇ ਇਮਤਿਹਾਨ ਵਿਚ ਪੂਰੇ ਉਤਰੇ-ਹੋਏ ਪੰਚ ਪ੍ਰਵਾਨ ਜਨਾਂ ਨੂੰ ਹੀ ਗਿਆਨ ਖੰਡ



www.AKJ.Org

ਦਾ ਤੱਤ ਗਿਆਨ ਜ਼ਹੂਰ ਪਜ਼ੀਰ ਹੁੰਦਾ ਹੈ। ਉਹ ਗਿਆਨ ਖੰਡ ਦੀ ਲਖਤਾ ਦੇ ਨਦਰ-ਦ੍ਰਿਸ਼ਟੇ ਹੋ ਕੇ ਗਿਆਨ ਖੰਡ ਵਿਚ ਵਰਤ ਰਹੇ ਤੱਤ ਵਰਤਾਰੇ ਦੇ ਤੱਤਵੇਤਾ ਹੋ ਜਾਂਦੇ ਹਨ। ਓਹਨਾਂ ਦਾ ਤੱਤ ਜ਼ਹੂਰ ਵਿਚ ਆਏ ਗਿਆਨ ਖੰਡ ਦਾ ਬਿਰਤਾਂਤ ਹੀ ਤੱਤ ਨਿਯਮੀ ਨਿਰਣੇ ਵਾਲਾ ਬਿਰਤਾਂਤ ਹੈ। ਧਰਮ ਖੰਡ ਦੀ ਗੰਮਤਾ ਵਾਲਾ ਗੰਮਿਆ ਆਤਮ ਧਰਮ ਜੀਵਨ ਹੀ ਗਿਆਨ ਖੰਡ ਦੇ ਬੂਝਣ (ਲਖਣ, Realize ਕਰਨ) ਦਾ ਪਉੜਾ ਹੈ। ਤਾਂਹੀ ਤੇ ਅਗਲੀ ਪਉੜੀ ਦੇ ਅਰੰਭ ਵਿਚ ਹੀ ਇਉਂ ਉਚਾਰਨ ਹੋਇਆ :—

ਧਰਮ ਖੰਡ ਕਾ ਏਹੋ ਧਰਮੁ ॥ ਗਿਆਨੁ ਖੰਡ ਕਾ ਆਖਹੁ ਕਰਮੁ ॥

ਧਰਮ-ਖੰਡ ਦੀ ਪਉੜੀ ਚੜ੍ਹ ਕੇ ਪ੍ਰਾਪਤ ਹੋਏ ਅਗਲੇ ਪਉੜੇ ਗਿਆਨ-ਖੰਡ ਦੇ ਤੱਤ ਨਿਰਣੇ ਨੂੰ ਇਸ ਅਗਲੀ ਪੈਂਤੀਵੀਂ ਪਉੜੀ ਵਿਖੇ ਇਸ ਪਰਕਾਰ ਨਿਰਣਾਇਆ ਗਿਆ ਹੈ। ਯਥਾ :—

ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ ॥
ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥
ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ ॥
ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥
ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ ॥
ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ ॥
ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ ॥
ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ ॥੩੫॥

ਗਿਆਨ ਖੰਡ ਦਾ ਉਪਰ ਦਸਿਆ ਅਹਿਵਾਲ ਨਿਰਾ ਕਿਆਸੀ ਯਾ ਅਨੁਭਵ ਅਨੁਮਾਨੀ ਅਵਸਥਾ ਲਖਾਇਕ ਤੋਤਕੜਾ ਹੀ ਨਹੀਂ। ਇਹ ਗੁਰਮੁਖ ਖ਼ੁਦਾਈ ਬੰਦਿਆਂ ਦਾ ਮਲੂਮ ਕੀਤਾ ਹੋਇਆ ਸੱਚਾ ਅਹਿਵਾਲ, ਗਿਆਨ-ਖੰਡ ਦਾ ਤੱਤ ਇਜ਼ਹਾਰੀ ਨਿਰਣਾ ਹੈ। ਨਦਰ ਦ੍ਰਿਸ਼ਟ ਦੀ ਦਿੱਬਤਾ ਦੇ ਮਰੰਮੀਆਂ ਨੂੰ ਹੀ ਗਿਆਨ ਖੰਡ ਦਾ ਆਲਮੁਲ-ਗੈਬੀ ਇਨਕਸ਼ਾਫ ਜ਼ਹੂਰ ਪਜ਼ੀਰ ਹੁੰਦਾ ਹੈ ਕਿ ਗਿਆਨ ਖੰਡ ਵਿਚ ਪ੍ਰਗ ਖਲੋ ਕੇ ਖੇਲਣ ਵਾਲਿਆਂ ਨੂੰ ਕੀ ਕੀ ਚਮਤਕਾਰ ਪ੍ਰਗਟ ਹੁੰਦੇ ਹਨ। ਗੁਪਤੋਂ ਪਰਗਟ ਹੋਏ ਗਿਆਨ ਖੰਡ ਦੀ ਦਿਬ-ਦੀਦ ਜੋ ਨਜ਼ਾਰਾ ਸਾਂਗੋ ਪਾਂਗ ਦੇਖਦੀ ਹੈ, ਓਹ ਜੋਤਿ ਪ੍ਰਚੰਡੀ ਗਿਆਨ ਦਾ ਪ੍ਰਗਟ ਪਹਾਰਾ ਹੈ। ਕੋਈ ਫਰਜ਼ੀ ਕਿਆਸ ਕੁਫ਼ਰਾਰਾ-ਕੁਫ਼ਰ-ਸ਼ਰਾਰਾ ਨਹੀਂ।

ਗਿਆਨ ਖੰਡ ਦੀ ਅਥਾਹਤਾ ਅੰਦਰ ਅਨਿਕ ਪ੍ਰਕਾਰ ਦੀਆਂ ਅਗਿਣਤ ਪਉਣਾਂ, ਇਸ ਮਾਤ ਲੋਕੀ-ਵਾਯੂ-ਮੰਡਲੀ ਪਉਣਾਂ ਤੋਂ ਅਧਿਕ ਵਿਲੱਖਣੀ ਬਚਿਤਰ ਪਉਣਾਂ ਹਨ। ਅਨੇਕ ਪਰਕਾਰ ਦੇ ਅਗਿਣਤ ਪਾਣੀ ਹਨ, ਅਤੇ ਅਨੇਕ ਪਰਕਾਰ ਦੀਆਂ ਅਗਿਣਤ ਅਗਨੀਆਂ ਹਨ। ਬੇਅੰਤ ਹੀ ਬਿਸ਼ਨੂੰ ਅਤੇ ਬੇਅੰਤ ਬਿਸ਼ਨ ਅਵਤਾਰੀ ਕਾਨ੍ਹ ਕ੍ਰਿਸ਼ਨ ਘਨੱਈਆ ਹਨ, ਅਤੇ ਬੇਅੰਤ ਮਹਾਂ ਦੇਵ ਸ਼ਿਵ ਰੁਦਰ ਹਨ ਅਤੇ ਬੇਅੰਤ ਹੀ ਬਰਮੇ ਹਨ, ਜੋ ਬੇਅੰਤ ਰੂਪਾਂ ਰੰਗਾਂ ਵੇਸਾਂ ਦੀ ਜੱਗ-ਰਚਨਾ ਦੀ ਸਾਜਨਾ ਸਾਜਨ ਲਾਏ ਹੋਏ ਹਨ। ਬੇਅੰਤ ਪਰਕਾਰ ਦੀਆਂ ਕਰਮ ਭੂਮੀਆਂ ਅਤੇ ਬੇਅੰਤ ਹੀ ਸੁਮੇਰ ਪਰਬਤ ਅਤੇ ਬੇਅੰਤ ਹੀ ਧ੍ਰ ਹਨ। ਬੇਅੰਤ ਹੀ ਨਾਨਾ ਪਰਕਾਰੀ ਧ੍ਰੂਆਂ ਸਹਿਤ ਉਪਦੇਸ਼ ਅਤੇ ਉਪਦੇਸ਼ਣ-ਹਾਰੇ ਹਨ। ਬੇਅੰਤ ਤਾਰੇ ਸਤਾਰਿਆਂ ਮਈ ਮੰਡਲ ਹਨ, ਅਤੇ ਬੇਅੰਤ ਹੀ ਮੰਡਲਾਂ ਦੇ ਦੇ ਸਹਨ। ਬੇਅੰਤ ਹੀ ਇੰਦਰ ਹਨ। ਬੇਅੰਤ ਹੀ ਚੰਦ ਸੂਰਜ ਹਨ, ਬੇਅੰਤ ਹੀ ਸਿਧ, ਬੇਅੰਤ ਹੀ ਬੁਧ ਅਤੇ ਬੇਅੰਤ ਹੀ ਨਾਥ ਹੋ ਗੁਜ਼ਰੇ ਹਨ, ਤੇ ਹੋਣਗੇ (ਹਰ ਸਮੇਂ ਹੁੰਦੇ ਰਹਿਣਗੇ), ਬੇਅੰਤ ਹੀ ਵੇਤ੍ਰੋ ਵੇਕੀ ਦੇਵੀਆਂ, ਬੇਅੰਤ ਹੀ ਦੇਵਤੇ, ਬੇਅੰਤ ਦੀ ਦੈਂਤ, ਬੇਅੰਤ ਹੀ ਰਿਖੀ ਮੁਨੀ ਹੋਏ ਹਨ, ਅਤੇ



www.AKJ.Org

ਹੋਣਹਾਰ ਹਨ । ਭੂਤ ਭਵਿਖ ਭਵਾਨ ਦੀ ਸਾਰੀ ਰਚਨਾ ਗਿਆਨ ਖੰਡ ਸਾਪੇਖਸਾਹੀਆਂ ਨੂੰ ਸਦਾ ਸਨਮੁਖ ਸੋਂਹੇ ਹੈ । ਬੇਅੰਤ ਹੀ ਰਤਨ ਹਨ ਅਤੇ ਬੇਅੰਤ ਹੀ ਰਤਨ ਸਮੁੰਦ ਹਨ । ਬੇਅੰਤ ਹੀ ਖਾਣੀਆਂ, ਬੇਅੰਤ ਹੀ ਬਾਣੀਆਂ ਅਤੇ ਬੇਅੰਤ ਪਾਤ ਨਿਰੰਦਾਣੀਆਂ ਰਚਨਹਾਰ ਕਰਤਾਰ ਦੀ ਅਪਾਰ ਰਚਨਾ ਅੰਦਰ ਹਨ । ਗਿਣਤੀ ਦੀਆਂ ਖਾਣੀਆਂ ਬਾਣੀਆਂ ਦਾ ਇਥੇ ਅੰਤ ਨਹੀਂ । ਏਹਨਾਂ ਖਾਣੀਆਂ ਬਾਣੀਆਂ ਦੇ ਵਰਨਣ ਕਰਨ ਵਾਲੀਆਂ ਸੁਰਤੀਆਂ ਸਿਮ੍ਰਤੀਆਂ ਭੀ ਬੇਅੰਤ ਹਨ । ਬੇਅੰਤ ਬ੍ਰਹਿਮੰਡਾਂ ਦੀਆਂ ਵਸਦੀਆਂ ਦੁਨੀਆਂ ਹਨ ਤੇ ਬੇਅੰਤ ਹੀ ਸੁਰਤੀਆਂ ਬਿਰਤੀਆਂ ਫ਼ਿਲਾਸਫੀਆਂ ਆਦਿ ਰਚਨਹਾਰੇ ਨਰ ਮੁਨਿ ਜਨ ਰਿਸ਼ੀ ਪੀਰ ਪੈਗੰਬਰ, ਉਲਮਾ ਤੇ ਹਕੀਮ ਹਨ, ਜਿਨ੍ਹਾਂ ਦਾ ਅੰਤ ਪਾਰਾਵਾਰ ਕਦੰਤ ਭੀ ਨਹੀਂ ਪਾਇਆ ਜਾ ਸਕਦਾ ।

ਇਹ ਉਪਰ ਵਰਨੀ ਬੇਅੰਤਤਾ ਵਾਸਤਵ ਵਿਚ ਪਰਤੱਖ ਪੇਖੀ ਹੋਈ ਗਿਆਨ ਖੰਡ ਦੀ ਪ੍ਰਚੰਡਤਾ ਵਿਚ ਪ੍ਰਚੰਡ ਹੋਈ ਵੀ ਜੋਤਿ ਆਸ਼ਕਾਰੀ ਸਾਕਸ਼ਾਤ ਦੇਖੀ ਹੋਈ ਵਾਰਤਾ ਹੈ, ਅਨੁਮਾਨਕ ਅਵਸਥਾ ਨਹੀਂ । ਤੇ ਸਤਿਗੁਰੂ ਦੇ ਅਗਾਧ ਸਰਬੱਗਤਾ ਵਾਲੇ ਅਹਿਨਿਸੀ ਧਿਆਨਕਾਰ ਹੋਏ ਤੱਤ ਜੋਤਿ ਵਿਗਾਸੀ ਤਜਰਬੇ ਵਿਚ ਆਇਆ ਹੋਇਆ ਅਮਲੀ ਸ਼ਗੂਫਾ ਹੈ । ਜਿਨ੍ਹਾਂ ਨੂੰ ਸਮਰੱਥ ਸਤਿਗੁਰੂ ਇਸ ਗਿਆਨ ਖੰਡ ਦਾ ਤੱਤ ਜੋਤਿ ਪ੍ਰਚੰਡੀਆ ਗਿਆਨ ਝਲਕਾਰਾ ਬਖਸ਼ੇ, ਓਹਨਾਂ ਨੂੰ ਇਸ ਅਤਿ ਜੋਤਿ ਤੱਤ ਲਤੀਫ਼ੀ ਗਿਆਨ ਅਮੀਕਤਾ ਉਤੇ ਅਮੰਨਾ ਆਇਆ ਹੈ । ਸੱਚ ਮੁੱਚ ਗਿਆਨ-ਖੰਡ ਵਿਖੇ ਸਰਬ ਵਿਆਪਕ ਜੋਤਿ ਦਾ ਪ੍ਰਚੰਡ ਗਿਆਨ ਹੋਇਆ ਵਿਆ ਹੁੰਦਾ ਹੈ ਅਤੇ ਏਸ ਜੋਤਿ ਪ੍ਰਚੰਡ ਉਜਿਆਰੇ ਦੀ ਅਤਿ ਤੇਜ ਮਈ ਪ੍ਰਚੰਡਤ ਰੋਸ਼ਨੀ ਤਲੇ ਸਾਰੇ ਖੰਡਾਂ ਬ੍ਰਹਿਮੰਡਾਂ ਦਾ ਸਾਕਸ਼ਾਤ ਨਜ਼ਾਰਾ ਨਜ਼ਰ ਆਉਂਦਾ ਹੈ, ਕੋਈ ਗੁਝੀ ਛੰਨੀ ਬਾਤ ਨਹੀਂ ਰਹਿੰਦੀ, ਜੋ ਗਿਆਨ ਪ੍ਰਚੰਡੀ ਤੱਤ ਜੋਤਿ ਗਿਆਨੀਆਂ ਦੀ ਗਿਆਤ ਤੋਂ ਬਾਹਰ ਹੋਵੇ । ਤਾਂਹੀ ਤੇ "ਗਿਆਨ ਖੰਡ ਮਹਿ ਗਿਆਨੁ ਪ੍ਰਚੰਡੁ" ਵਾਲੀ ਲਾਜ਼ਮ ਮਲਜ਼ੂਮ ਸੱਚਾਈ ਓਤ ਪੋਤ ਹੈ, ਅਰਥਾਤ ਗਿਆਨ ਖੰਡ ਸੋਂਹੇ ਜਿਥੇ ਕਿ ਗਿਆਨ ਪ੍ਰਚੰਡ ਉਜਿਆਰੇ ਵਿਚ ਜੋਤਿ ਅਫ਼ਗਨ ਹੋਇ ਆਵੰਦੀ ਹੈ:—

ਨਾਮੁ ਜਪਤ ਕੋਟਿ ਸੂਰ ਉਜਾਰਾ ਬਿਨਸੈ ਭਰਮ ਅੰਧੇਰਾ ॥ [ਜੈਤਸਰੀ ਮ: ੫, ਪੰ: ੭੦੦

ਇਹ ਤੱਤ ਗਿਆਨ ਉਜਿਆਰੇ ਅੰਦਰ ਭਰਮ-ਭੇਦ ਵਾਲੀ ਸ਼ੱਕੀ ਗੱਲ ਕੋਈ ਰਹਿੰਦੀ ਹੀ ਨਹੀਂ, ਜੋਤਿ ਪ੍ਰਚੰਡ ਉਜਿਆਰੇ ਵਾਲਾ ਦਿੱਬ ਤੱਤ ਜੋਤਿ ਲਤੀਫ਼ੀ ਸਰਬ ਵਿਆਪਕ ਸਫ਼ੀਅਰ (ਤਬਕਾ) (Sphere or region) ਜੋ ਹੈ ਉਹ ਸਰਬ ਖੰਡਾਂ ਬ੍ਰਹਿਮੰਡਾਂ ਦੇ ਉਤੋਂ ਦੀ ਛਾਇਆ ਹੋਇਆ ਪਰੀਪੂਰਨ ਅਗਾਧ ਮੰਡਲੀ ਵਿਲੱਖਣ ਖੰਡ ਹੈ । ਜੋ ਸਾਰੀ ਹੀ ਰਚਨਾ ਵਿਖੇ, ਸਭ ਦ੍ਰਿਸ਼ਟਮਾਨ ਖੰਡਾਂ ਬ੍ਰਹਿਮੰਡਾਂ ਦੇ ਉਤੇ ਦੀ ਛਾਇਆ ਹੋਇਆ ਹੈ । ਪ੍ਰੰਤੂ ਪੰਚ ਭੂਤਕੀ ਦ੍ਰਿਸ਼ਟੀ ਨੂੰ ਇਹ ਅਤਿ ਸੂਖਮ ਮੰਡਲ **ਗਿਆਨ ਖੰਡ** ਦਿਸਦਾ ਨਹੀਂ, ਗਿਆਨ ਪ੍ਰਚੰਡ ਹੋਏ ਤੋਂ ਦਿਸਦਾ ਹੈ, ਅਤੇ ਦਿਸਣ ਸਾਰ ਹੀ ਇਹ ਗਿਆਨ ਖੰਡ ਜੋਤਿ ਪ੍ਰਚੰਡੀਆ ਲਾ-ਮੁਹੀਤ ਖੰਡ ਜਗਮਗਾਉਂਦਾ ਹੈ । ਫੇਰ ਤਾਂ ਏਸ ਗਿਆਨ ਪ੍ਰਚੰਡੀ ਗਿਆਨ-ਖੰਡ ਦੇ ਉਘਾੜ ਹੋਣ ਪਰ ਇਹ ਸਾਰੇ ਦ੍ਰਿਸ਼ਟਮਾਨ ਖੰਡ ਮੰਡਲ ਬ੍ਰਹਿਮੰਡ ਭੀ ਜੋਤਿ-ਜੁਲਵੰਨੇ ਹੋ ਜਾਂਦੇ ਹਨ । ਜਿਸ ਪਰਕਾਰ ਸਰੀਰ ਦੇਹੀ ਵਿਚੋਂ ਜੀਵ-ਆਤਮਾ ਦੇ ਜੁਦਾ ਹੋ ਜਾਣ ਪਰ ਜੀਵ-ਆਤਮਾ ਅਜਿਹੇ ਰੂਹਾਨੀ ਕੁੱਰੇ (Sphere or region) ਵਿਚ ਜਾ ਪਰਵੇਸ਼ ਕਰਦਾ ਹੈ, ਜਿਸਦੀ ਮਾਹੀਅਤ ਉਹ ਸਰੀਰੋਂ ਪਰਵਾਜ਼ ਕੀਤੀ ਆਤਮਾ ਹੀ ਜਾਣਦੀ ਹੈ । ਸਥੂਲ ਦ੍ਰਿਸ਼ਟੀ ਵਾਲਿਆਂ ਨੂੰ ਤਾਂ ਨਾ ਉਹ ਆਤਮਾ ਸਰੀਰ ਵਿਚੋਂ ਪਰਵਾਜ਼ ਹੋਈ ਦਿਸਦੀ ਹੈ, ਨਾ ਹੀ ਉਹ ਆਤਮ-ਮੰਡਲ ਦਿਸਦਾ ਹੈ ਜਿਸ ਵਿਚ ਕਿ ਉਹ ਰੂਹ ਪਰਵੇਸ਼ ਕਰ ਗਈ ਹੁੰਦੀ ਹੈ। ਕੇਵਲ ਉਹ ਪਰਲੋਕ-ਗਾਮੀ ਰੂਹ ਹੀ ਉਸ ਸਫ਼ੀਅਰ (ਮੰਡਲ) ਦੀ ਗਹਿਣਗਤ ਨੂੰ ਜਾਣ ਸਕਦੀ ਹੈ । ਤਿਸੇ ਪ੍ਰਕਾਰ "ਗਿਆਨ ਖੰਡ ਮਹਿ ਗਿਆਨੁ ਪ੍ਰਚੰਡੁ" ਵਾਲੇ ਅਪਾਰ **ਦਿਬ ਜੋਤਿ ਜਗਮਗੀ ਨਜ਼ਾਰੇ** ਨੂੰ ਦਿਬ-ਜੋਤਿ-ਪ੍ਰਚੰਡੀਏ, ਗਿਆਨ ਖੰਡ ਪਰਵੇਸ਼ੀਏ, ਪ੍ਰਚੰਡ ਗਿਆਨੀ, ਗੁਰਮੁਖ ਤੱਤ ਗਿਆਨੀ ਹੀ ਲਖ ਚਖ (ਮਾਣ) ਸਕਦੇ ਹਨ । "ਗਿਆਨ ਖੰਡ ਮਹਿ ਗਿਆਨੁ ਪ੍ਰਚੰਡੁ" ਦਾ ਨਜ਼ਾਰਾ ਅਤਿਅੰਤ ਹੀ ਅਨਦ ਬਿਨੋਦੀਆ, ਬਿਸਮ ਆਨੰਦੀਆ ਹੁੰਦਾ ਹੈ ਜਿਥੇ ਕਿ "ਤਿਥੈ ਨਾਦ ਬਿਨੋਦ ਕੋਡ ਅਨੰਦੁ" ਦੇ ਭਾਵ ਅਨੁਸਾਰ ਕੋਟਾਨ ਕੋਟ ਅਨੰਦ-ਮਈ ਬਿਸਮ-ਬਿਨੋਦੀ ਅਨਹਦ ਨਾਦ ਸੁਣਾਈ ਦੇਣ ਲਗ ਜਾਂਦੇ ਹਨ ।

[ਬਾਕੀ ਤਿੰਨਾਂ ਖੰਡਾਂ ਦੀ ਵਿਆਖਿਆ ਅਗਲੇ ਪਰਚੇ ਵਿਚ


www.AKJ.Org

# ਅੰਮ੍ਰਿਤ ਦੀ ਦਾਤਿ ਤੇ ਕਰੜੀ ਪ੍ਰੀਖਿਆ

[ਵਲੋਂ—ਪ੍ਰਿੰਸੀਪਲ ਇੰਦਰ ਕੌਰ ਜੀ, ਬੀਬੀ ਰਜਨੀ ਕਾਲਜ, ਪਟੀ]

ਮੇਰੇ ਅੰਮ੍ਰਿਤ ਛਕਣ ਦੀ ਵਾਰਤਾ ਵੀ ਬੜੀ ਅਸਚਰਜ ਹੈ। ਮੇਰੇ ਮਾਮਾ ਜੀ ਦੀ ਲੜਕੀ ਬੀਬੀ ਸੁਰਿੰਦਰ ਕੌਰ ਨੇ ਨਿਰਬਾਣ ਕੀਰਤਨੀ ਜਥੇ ਪਾਸੋਂ ਅੰਮ੍ਰਿਤ ਛਕਿਆ। ਉਸ ਦੇ ਜੀਵਨ ਵਿਚ ਭਾਰੀ ਤਬਦੀਲੀ ਵਾਪਰ ਗਈ। ਉਹ ਮੈਨੂੰ ਜਦੋਂ ਵੀ ਮਿਲਦੀ, ਨਾਮ ਬਾਣੀ ਦੀਆਂ ਗੱਲਾਂ ਕਰਦੀ ਅਤੇ ਅੰਮ੍ਰਿਤ ਛਕਣ ਸਮੇਂ ਦੇ ਅਸਚਰਜ ਵਾਯੂ ਮੰਡਲ ਬਾਰੇ ਦਸਦੀ। ਜਦੋਂ ਮੈਂ ਉਸ ਨੂੰ ਹੋਰ ਚੰਗੀ ਤਰ੍ਹਾਂ ਖੋਲ੍ਹ ਕੇ ਦਸਣ ਲਈ ਬੇਨਤੀ ਕਰਦੀ ਤਾਂ ਉਹ ਅੱਖਾਂ ਮੀਟ ਕੇ ਚੁਪ ਹੋ ਜਾਂਦੀ। ਬਸ ਇਤਨਾ ਹੀ ਕਹਿੰਦੀ—

ਕਹਿਬੇ ਕੋ ਸੋਭਾ ਨਹੀ ਦੇਖਾ ਹੀ ਪਰਵਾਨੁ ॥੧੨੧॥ (੧੩੭੦)

ਕਹੁ ਕਬੀਰ ਗੂੰਗੇ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ ॥ (੩੩੪)

ਇਹ ਸੁਣ ਸੁਣ ਕੇ ਮੇਰੇ ਮਨ ਵਿਚ ਵੀ ਅੰਮ੍ਰਿਤ ਛਕਣ ਦੀ ਚਾਹ ਪ੍ਰਬਲ ਹੋ ਉਠੀ। ਮੇਰੇ ਪਤੀ ਡਾਕਟਰ ਪ੍ਰਗਟ ਸਿੰਘ ਜੀ ਨੇ ਸ਼ਾਦੀ ਤੋਂ ਪਹਿਲਾਂ ਹੀ ਅੰਮ੍ਰਿਤ ਛਕਿਆ ਹੋਇਆ ਸੀ ਅਤੇ ਮੈਨੂੰ ਅੰਮ੍ਰਿਤ ਛਕਾਉਣ ਦਾ ਇਕਰਾਰ ਵੀ ਕੀਤਾ ਹੋਇਆ ਸੀ। ਮੈਂ ਜਦ ਵੀ ਉਹਨਾਂ ਨੂੰ ਆਪਣਾ ਕੀਤਾ ਇਕਰਾਰ ਚੇਤੇ ਕਰਾਉਂਦੀ ਤਾਂ ਉਹ ਇਕੋ ਉਤਰ ਦੇਂਦੇ, "ਕੋਈ ਉਚੇ ਜੀਵਨ ਵਾਲੇ ਗੁਰਸਿਖ ਮਿਲਣਗੇ ਤਾਂ ਅੰਮ੍ਰਿਤ ਛਕਾਂ ਦਿਆਂਗਾ।" ਆਪਣੀ ਭੈਣ ਤੋਂ ਇਸ ਜਥੇ ਦੀ ਸੋਭਾ ਸੁਣ ਕੇ ਮੈਨੂੰ ਬੜੀ ਤਸੱਲੀ ਮਿਲੀ ਕਿ ਇਹ ਤਾਂ ਨਾਮ ਜੱਪਣ ਵਾਲੇ ਕਿਰਤੀ ਸਿੰਘਾਂ ਦਾ ਜਥਾ ਹੈ, ਮੇਰੇ ਪਤੀ ਜੀ ਨੂੰ ਇਨ੍ਹਾਂ ਤੋਂ ਅੰਮ੍ਰਿਤ ਛਕਾਉਣ ਵਿਚ ਪ੍ਰਸੰਨਤਾ ਹੋਵੇਗੀ।

ਪਰ ਇਕ ਹੋਰ ਇਹ ਅੜਿਚਣ ਆ ਪਈ ਕਿ ਮੇਰੇ ਪਤੀ ਜੀ ਆਪ ਦੂਜੀ ਵਾਰ ਅੰਮ੍ਰਿਤ ਛਕਣ ਨੂੰ ਤਿਆਰ ਨਹੀ ਸਨ ਤੇ ਇਹ ਜੱਥਾ ਦੰਪਤੀ ਨੂੰ ਇਕੱਠਾ ਛਕਾਉਂਦਾ ਸੀ। ਮੇਰੇ ਮਨ ਦੀ ਇੱਛਾ ਦੀ ਪੂਰਤੀ ਕਿਵੇਂ ਹੋਵੇ, ਇਸ ਦਾ ਉਤਰ ਮੇਰੇ ਪਾਸ ਕੋਈ ਨਹੀਂ ਸੀ।

ਇਕ ਦਿਨ ਸ਼ਾਮ ਨੂੰ ਅਸੀਂ ਮਾਮੀ ਜੀ ਦੇ ਘਰ ਗਏ। ਏਸ ਜਥੇ ਦਾ ਪ੍ਰਸ਼ਾਦਾ ਉਨ੍ਹਾਂ ਦੇ ਘਰ ਸੀ। ਸਭ ਪ੍ਰਸ਼ਾਦ ਛਕ ਰਹੇ ਸਨ। ਮੈਂ ਆਪਣੀ ਭੈਣ ਨੂੰ ਇਕ ਪਾਸੇ ਲਿਜਾ ਕੇ ਕਿਹਾ, "ਕੀ ਇਹ ਮੈਨੂੰ ਵੀ ਅੰਮ੍ਰਿਤ ਛਕ੍ਹਾਂ ਦੇਣਗੇ ?" ਉਸ ਨੇ ਕਿਹਾ "ਕਿਉਂ ਨਹੀਂ ? ਮੈਂ ਹੁਣੇ ਪੁਛ ਦਿੰਦੀ ਹਾਂ।" ਨਾਲ ਹੀ ਮੈਨੂੰ ਕਿਹਾ ਕਿ ਇਹ ਗਹਿਣੇ ਉਤਾਰਨੇ ਪੈਣਗੇ। ਮੈਂ ਰਤਾ ਸੋਚ ਕੇ ਕਿਹਾ, "ਕੋਈ ਗੱਲ ਨਹੀਂ ਮੈਂ ਉਤਾਰ ਦਿਆਂਗੀ।"

ਉਹ ਮੈਨੂੰ ਜਥੇਦਾਰ ਬਾਊ ਮਲ ਸਿੰਘ ਜੀ ਪਾਸ ਲੈ ਗਈ। ਅਤੇ ਉਨ੍ਹਾਂ ਨੂੰ ਕਿਹਾ, "ਜੀ, ਇਹ ਮੇਰੀ ਭੈਣ ਡਾਕਟਰ ਸਾਹਿਬ ਦੀ ਪਤਨੀ ਹੈ, ਇਹ ਆਪ ਜੀ ਦੇ ਜਥੇ ਪਾਸੋਂ ਅੰਮ੍ਰਿਤ ਪਾਨ ਕਰਨਾ ਚਾਹੁੰਦੀ ਹੈ।"

ਜਥੇਦਾਰ ਜੀ ਨੇ ਮੇਰੇ ਵਲ ਵੇਖਿਆ, ਪਰ ਕੁਝ ਨਾ ਬੋਲੇ। ਮੇਰਾ ਮਨ ਬੁਝ ਗਿਆ ਤੇ ਉਦਾਸ ਹੋ ਗਿਆ ਕਿ ਮੇਰੇ ਭਾਗਾਂ ਵਿਚ ਅੰਮ੍ਰਿਤ ਹੈ ਈ ਨਹੀਂ। ਇਨ੍ਹਾਂ ਵਰਗੇ ਨਾਮ-ਰਸੀਏ ਮੁੜ ਮਿਲਣੇ ਨਹੀਂ ਤੇ ਮੈਨੂੰ ਅੰਮ੍ਰਿਤ ਨਸੀਬ ਹੋਣਾ ਨਹੀਂ।

ਪ੍ਰਸ਼ਾਦ ਛਕ ਕੇ ਜਥੇਦਾਰ ਸਾਹਿਬ ਸਣੇ ਜਥੇ ਦੇ ਆਪਣੇ ਨਿਵਾਸ ਅਸਥਾਨ ਵਲ ਚਲ ਪਏ।



www.AKJ.Org

ਅਸੀਂ ਵੀ ਨਾਲ ਤੁਰ ਪਏ । ਉਹ ਮੇਰੇ ਪਤੀ ਜੀ ਨਾਲ ਬਚਨ ਕਰਦੇ ਰਹੇ ਤੇ ਮੈਂ ਚੁਪ ਚਾਪ ਪਿਛੇ ਪਿਛੇ ਤੁਰਦੀ ਗਈ । ਮੇਰਾ ਮਨ ਕਹੇ ਮੇਰੀ ਭੈਣ ਦੇ ਕਹਿਣ ਤੇ ਇਹ ਬੋਲੇ ਕਿਉਂ ਨਹੀਂ, ਮੈਨੂੰ ਯੋਗ ਪਾਤਰ ਨਹੀਂ ਸਮਝਦੇ ਹੋਣੇ । ਮੈਨੂੰ ਆਪਣਾ ਆਪ ਬਹੁਤ ਛੋਟਾ ਤੇ ਉਹ ਬਹੁਤ ਵਡੇ ਲਗੇ । ਏਨੇ ਵਿਚ ਨਿਵਾਸ-ਅਸਥਾਨ ਆ ਗਿਆ। ਉਨ੍ਹਾਂ ਨੇ ਸਾਡੇ ਵਲ ਵੇਖ ਕੇ ਫਤਹ ਗਜਾਈ ।

ਪਤਾ ਨਹੀਂ ਕਿਹੜੀ ਸ਼ਕਤੀ ਨੇ ਮੇਰੀ ਚੁੱਪ ਨੂੰ ਤੋੜ ਦਿਤਾ ਅਤੇ ਹਿਰਦਾ ਚੀਰ ਕੇ ਮੇਰੇ ਅੰਦਰੋਂ ਆਵਾਜ਼ ਆਈ, "ਜੀ ਇਨ੍ਹਾਂ ਨੂੰ (ਮੇਰੇ ਪਤੀ ਜੀ ਨੂੰ) ਅੰਮ੍ਰਿਤ ਛਕਾਓ, ਤਾਕਿ ਮੈਨੂੰ ਵੀ ਅੰਮ੍ਰਿਤ ਦੀ ਦਾਤਿ ਮਿਲ ਸਕੇ ।" ਉਹਨਾਂ ਨੇ ਭਾਵ-ਭਰੀਆਂ ਤੇ ਬਖਸ਼ਸ਼-ਭਰੀਆਂ ਨਜ਼ਰਾਂ ਨਾਲ ਮੇਰੇ ਵਲ ਵੇਖਿਆ ਤੇ ਕਿਹਾ ਕਿ ਬੀਬੀ, ਗਲ ਵਿਚ ਪਲਾ ਪਾ ਕੇ ਡਾਕਟਰ ਸਾਹਿਬ ਨੂੰ ਅੰਮ੍ਰਿਤ ਛਕਣ ਲਈ ਮਨਾਵਾਂਗੇ ਤੇ ਤੈਨੂੰ ਵੀ ਅੰਮ੍ਰਿਤ ਦੀ ਦਾਤਿ ਪ੍ਰਾਪਤ ਹੋਵੇਗੀ ।

ਜਥੇਦਾਰ ਜੀ ਦੇ ਇਹ ਬਚਨ ਮੈਨੂੰ ਬੜੇ ਪਿਆਰੇ ਲਗੇ, ਪਰ ਆਪਣੇ ਪਤੀ ਜੀ ਦੇ ਹੱਠੀ ਸੁਭਾ ਕਾਰਨ ਮੈਨੂੰ ਪੂਰਾ ਯਕੀਨ ਨਾ ਆਇਆ ਕਿ ਮੈਨੂੰ ਅੰਮ੍ਰਿਤ ਦੀ ਦਾਤਿ ਮਿਲ ਸਕੇਗੀ ।

ਦੂਜੇ ਦਿਨ ਸਵੇਰੇ ਮੈਂ ਕਿਸੇ ਦੇ ਘਰ ਸਮਾਗਮ ਤੇ ਗਈ । ਓਥੇ ਹੀ ਮੈਨੂੰ ਸੁਨੇਹਾ ਮਿਲਿਆ ਕਿ ਤੁਹਾਨੂੰ ਘਰ ਬੁਲਾਇਆ ਹੈ । ਮੈਂ ਘਬਰਾਈ ਹੋਈ ਘਰ ਪੁਜੀ । ਅਗੇ ਮੇਰੇ ਪਤੀ ਜੀ ਖੜੇ ਉਡੀਕ ਰਹੇ ਸਨ । ਕਹਿਣ ਲਗੇ, "ਛੇਤੀ ਕਰੋ, ਇਸ਼ਨਾਨ ਕਰ ਕੇ ਪੰਜ ਕਕਾਰ ਪਹਿਨੋ, ਅਸੀਂ ਅੰਮ੍ਰਿਤ ਛਕਣਾ ਹੈ ।" ਖੁਸ਼ੀ ਤੇ ਹੈਰਾਨੀ ਵਿਚ ਮੈਂ ਕੋਈ ਉਤਰ ਨਾ ਦੇ ਸਕੀ । ਮੇਰੇ ਚੌਗਿਰਦੇ ਇਕ ਚਾਨਣ ਜਿਹਾ ਪਸਰ ਗਿਆ । ਛੇਤੀ ਨਾਲ ਜ਼ੇਵਰ ਉਤਾਰੇ, ਇਸ਼ਨਾਨ ਕੀਤਾ ਅਤੇ ਪੰਜ ਕਕਾਰ ਸਜਾ ਕੇ ਤਿਆਰ ਹੋ ਗਈ । ਆਪਣੀ ਬੱਚੀ ਨੂੰ ਵੀ ਤਿਆਰ ਕਰ ਲਿਆ ।

ਅਸੀਂ ਅੰਮ੍ਰਿਤ ਛਕਣ ਵਾਲੇ ਅਸਥਾਨ ਤੇ ਪੁਜ ਗਏ । ਮੈਨੂੰ ਆਪਣੀ ਚੰਗੀ ਤਕਦੀਰ ਤੇ ਯਕੀਨ ਨਹੀਂ ਸੀ ਆ ਰਿਹਾ, ਪਰ ਇਹ ਸਭ ਕੁਝ ਸੱਚ ਸੀ । ਮੈਨੂੰ ਪੰਜਾਂ ਪਿਆਰਿਆਂ ਦੀ ਹਜ਼ੂਰੀ ਵਿਚ ਬੁਲਾ-ਇਆ ਗਿਆ । ਜਥੇਦਾਰ ਬਾਊ ਮਲ ਸਿੰਘ ਜੀ ਨੰਗੀ ਸਿਰੀ ਸਾਹਿਬ ਫੜ ਕੇ ਖੜੇ ਸਨ । ਉਨ੍ਹਾਂ ਨੇ ਬੜੇ ਬੀਰ ਰਸੀ ਜਾਹੋ-ਜਲਾਲ ਵਿਚ ਪੁਛਿਆ, "ਏਥੇ ਕਿਉਂ ਆਏ ਹੋ ?" ਮੈਨੂੰ ਤਾਂ ਸੁਧ ਬੁਧ ਵਿਸਰ ਗਈ ਸੀ । ਮੈਂ ਲੜਖੜਾਂਦੀ ਅਵਾਜ਼ ਵਿਚ ਕਿਹਾ, "ਜੀ, ਅੰਮ੍ਰਿਤ ਛਕਣ ਲਈ ।" ਫਿਰ ਮੈਨੂੰ ਨਹੀਂ ਪਤਾ ਉਨ੍ਹਾਂ ਨੇ ਕੀ ਪੁਛਿਆ । ਮੈਂ ਵੈਰਾਗ ਦੇ ਹੜ੍ਹ ਵਿਚ ਰੁੜ੍ਹ ਗਈ । ਤੇ ਸ਼ਾਇਦ ਉਨ੍ਹਾਂ ਨੇ ਇਸੇ ਲਈ ਮੈਨੂੰ ਬਾਹਰ ਘਲ ਦਿਤਾ ।

ਅੰਮ੍ਰਿਤ ਦਾ ਬਾਟਾ ਤਿਆਰ ਹੋ ਗਿਆ । ਸਭ ਤੋਂ ਪਹਿਲਾਂ ਮੈਨੂੰ ਅਵਾਜ਼ ਪਈ । ਮੈਨੂੰ ਬੀਰ-ਆਸਣ ਕਰ ਕੇ ਬਿਠਾਇਆ ਗਿਆ । ਮੇਰੇ ਹੱਥ ਵਿਚ ਅੰਮ੍ਰਿਤ ਦੀ ਦਾਤਿ ਪਾਈ ਗਈ । ਉਹ ਜਦੋਂ ਮੇਰੇ ਮੂੰਹ ਵਿਚ ਪਈ ਤਾਂ ਮੇਰੀ ਹੋਸ਼ ਗੁੰਮ ਹੋ ਗਈ । ਉਥੇ ਕੋਈ ਹੋਰ ਮੰਡਲ ਬਣ ਗਿਆ । ਪੰਜਾਂ ਪਿਆਰਿਆਂ ਵਿਚ ਮੈਨੂੰ ਕਲਗੀਧਰ ਵਰਤਦਾ ਭਾਸਿਆ । ਮੈਨੂੰ ਅੰਮ੍ਰਿਤ ਦੇ ਸਾਰੇ ਚੁਲੇ ਛਕਣੇ ਵੀ ਯਾਦ ਨਹੀਂ, ਨਾ ਹੀ ਨਾਮ ਦ੍ਰਿੜ੍ਹਾਣਾ ਯਾਦ ਹੈ । ਬਸ ਮੈਨੂੰ ਆਪਣੀ ਥਾਂ ਉਸੇ ਮਸਤੀ ਦੀ ਹਾਲਤ ਵਿਚ ਭੇਜ ਦਿਤਾ ਗਿਆ । ਉਥੇ ਹੀ ਮੈਨੂੰ ਸ੍ਰੀ ਬਾਊ ਮਲ ਸਿੰਘ ਜੀ ਦਾ, ਪਿਤਾ ਤੇ ਪ੍ਰਤਿਪਾਲਕ ਰੂਪ ਦਿਸਿਆ । ਉਨ੍ਹਾਂ ਦੇ ਨਾਲ ਜਨਮ ਜਨਮ ਦੀ ਸਾਂਝ ਦੀ ਸਮਝ ਪਈ । ਮੇਰੇ ਮਨ ਵਿਚ ਉਨ੍ਹਾਂ ਲਈ ਬੜੀ ਪ੍ਰਬਲ ਸ਼ਰਧਾ ਜਾਗ ਪਈ ਤੇ ਡੂੰਘੇ ਸਤਿਕਾਰ ਨਾਲ ਮਨ ਭਰ ਗਿਆ । ਮਸਤੀ ਦੀ ਦਸ਼ਾ ਵਿਚ ਹੀ ਅਸੀਂ ਘਰ ਪੁਜੇ । ਸਾਰੀ ਰਾਤ ਮੈਂ ਸੌਂ ਨਹੀਂ ਸਕੀ । ਅੰਮ੍ਰਿਤ ਵੇਲੇ ਨਿਤਨੇਮ ਸ਼ੁਰੂ ਕੀਤਾ ਤਾਂ ਸ੍ਰੀ ਅਨੰਦ ਸਾਹਿਬ ਦੀ ਏਸ ਤੁਕ ਤੇ ਮਨ ਰੁਕ ਗਿਆ—



www.AKJ.Org

ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ ॥ (੯੧੮)

ਬਸ ਇਹ ਤੁਕ ਪੜ੍ਹਦੀ ਗਈ ਤੇ ਵੈਰਾਗ ਦੇ ਹੰਝੂ ਕੇਰਦੀ ਰਹੀ। ਫੇਰ ਮਨ ਨੇ ਚਾਹ ਕੀਤੀ ਕਿ ਸਾਡੇ ਘਰ ਕੀਰਤਨ ਹੋਵੇ, ਮਹਾਂ ਪੁਰਸ਼ ਮੇਰੇ ਹੱਥ ਦਾ ਬਣਿਆ ਪ੍ਰਸ਼ਾਦ ਛਕਣ। ਦਾਤੇ ਨੇ ਇਹ ਚਾਹ ਵੀ ਪੂਰੀ ਕੀਤੀ।

ਅੰਮ੍ਰਿਤ ਦੀ ਦਾਤਿ ਪ੍ਰਾਪਤ ਕਰ ਕੇ ਮੇਰੇ ਪਤੀ ਜੀ ਦੀ ਅਵਸਥਾ ਤਾਂ ਅਤਿ ਬੈਰਾਗਮਈ ਹੋ ਗਈ। ਪਰ ਸਾਹਿਬਾਂ ਦੀ ਐਸੀ ਖੇਡ ਵਰਤੀ ਕਿ ਦੋ ਦਿਨਾਂ ਦੇ ਅੰਦਰ ਹੀ ਉਨ੍ਹਾਂ ਦੀ ਦਿਮਾਗੀ ਹਾਲਤ ਵਿਗੜ ਗਈ। ਲੋਕੀ ਭਾਂਤ ਭਾਂਤ ਦੀਆਂ ਗੱਲਾਂ ਕਰਨ ਲਗੇ। ਰਿਸ਼ਤੇਦਾਰਾਂ ਨੂੰ ਵੀ ਨਿੰਦਾ ਕਰਨ ਦਾ ਮੌਕਾ ਮਿਲ ਗਿਆ। ਜਥੇ ਨੂੰ ਜਾਦੂਗਰਾਂ ਦਾ ਟੋਲਾ ਕਿਹਾ ਗਿਆ। ਪੋਲੀਸ ਤਕ ਰੀਪੋਰਟ ਕਰਨ ਦੀ ਨੌਬਤ ਪੁਜੀ। ਮੇਰੀ ਮਸਤੀ ਦੀ ਦਸ਼ਾ ਨੂੰ ਵੀ ਦਿਮਾਗੀ ਬੀਮਾਰੀ ਸਮਝਿਆ ਗਿਆ। ਉਹ ਮੇਰੇ ਉਤੇ ਕਈ ਸਵਾਲ ਕਰਦੇ, ਪਰ ਮੈਂ ਤਾਂ ਇਕੋ ਚੁਪ ਧਾਰ ਲਈ। ਮਹਾਂ ਪੁਰਸ਼ਾਂ ਅਤੇ ਮੇਰੇ ਧਰਮ ਪਿਤਾ ਦੀ ਨਿੰਦਾ ਮੈਥੋਂ ਜਰੀ ਨਾ ਜਾਂਦੀ। ਇਕੋ ਹੀ ਅਰਦਾਸ ਕਰਦੀ, ਦਾਤਾ, ਇਨ੍ਹਾਂ ਨੂੰ ਸੁਮਤ ਦੇਹ, ਇਹ ਉਨ੍ਹਾਂ ਨੂੰ ਗ਼ਲਤ ਨਾ ਸਮਝਣ।

ਮੇਰੇ ਪਤੀ ਜੀ ਦੀ ਬੀਮਾਰੀ ਵਧ ਗਈ। ਮੈਂ ਰਾਵਲਪਿੰਡੀ ਵਿਚ ਥਾਪੇ ਜਥੇਦਾਰ ਕਿਰਪਾਲ ਸਿੰਘ ਜੀ ਨੂੰ ਸਦਿਆ ਤੇ ਬੇਨਤੀ ਕੀਤੀ ਕਿ ਮਹਾਂ ਪੁਰਸ਼ਾਂ ਪਾਸ ਮੇਰੀ ਅਰਜ਼ੋਈ ਪੁਚਾਓ ਕਿ ਅਰਦਾਸ ਕਰਨ, ਮੇਰੇ ਪਤੀ ਜੀ ਠੀਕ ਹੋ ਜਾਣ। ਮੈਂ ਅੰਮ੍ਰਿਤ ਦੀ ਅਤੇ ਮਹਾਂ ਪੁਰਸ਼ਾਂ ਦੀ ਨਿੰਦਾ ਨਹੀਂ ਸੁਣ ਸਕਦੀ।

ਬਾਊ ਮੱਲ ਸਿੰਘ ਜੀ ਅਤੇ ਸ੍ਰੀ ਭਾਈ ਸਾਹਿਬ ਰਣਧੀਰ ਸਿੰਘ ਜੀ ਰਾਵਲਪਿੰਡੀ ਤੋਂ ਵਾਪਸ ਆ ਕੇ ਅਜੇ ਸ੍ਰੀ ਅੰਮ੍ਰਿਤਸਰ ਅਤੇ ਤਰਨ ਤਾਰਨ ਸਾਹਿਬ ਦੇ ਦਰਸ਼ਨਾਂ ਲਈ ਇਥੇ ਹੀ ਠਹਿਰੇ ਹੋਏ ਸਨ। ਸ: ਕਿਰਪਾਲ ਸਿੰਘ ਤੇ ਇਕ ਹੋਰ ਸਿੰਘ ਬਾਊ ਮਲ ਸਿੰਘ ਜੀ ਹੋਰਾਂ ਨੂੰ ਸ੍ਰੀ ਤਰਨ ਤਾਰਨ ਸਾਹਿਬ ਆ ਮਿਲੇ। ਉਥੇ ਹਰਿਮੰਦਰ ਸਾਹਿਬ ਵਿਖੇ ਅਰਦਾਸ ਕੀਤੀ ਗਈ। ਹੁਕਮਨਾਮਾ ਆਇਆ—

ਗਈ ਬਹੋੜੁ ਬੰਦੀਛੋੜੁ ਨਿਰੰਕਾਰੁ ਦੁਖਦਾਰੀ ॥
ਕਰਮੁ ਨ ਜਾਣਾ ਧਰਮੁ ਨ ਜਾਣਾ ਲੋਭੀ ਮਾਇਆਧਾਰੀ ॥
ਨਾਮੁ ਪਰਿਓ ਭਗਤੁ ਗੋਵਿੰਦ ਕਾ ਇਹ ਰਾਖਹੁ ਪੈਜ ਤੁਮਾਰੀ ॥੧॥
ਹਰਿ ਜੀਉ ਨਿਮਾਣਿਆ ਤੂ ਮਾਣੁ ॥
ਨਿਚੀਜਿਆ ਚੀਜ ਕਰੇ ਮੇਰਾ ਗੋਵਿੰਦੁ ਤੇਰੀ ਕੁਦਰਤਿ ਕਉ ਕੁਰਬਾਣੁ ॥ਰਹਾਉ॥
ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ ॥
ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ ॥
ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ ।੨॥
ਹਰਿ ਅੰਤਰਜਾਮੀ ਸਭ ਬਿਧਿ ਜਾਣੈ ਤਾ ਕਿਸੁ ਪਹਿ ਆਖਿ ਸੁਣਾਈਐ ॥
ਕਹਣੈ ਕਥਨਿ ਨ ਭੀਜੈ ਗੋਬਿੰਦੁ ਹਰਿ ਭਾਵੈ ਪੈਜ ਰਖਾਈਐ ॥
ਅਵਰ ਓਟ ਮੈ ਸਗਲੀ ਦੇਖੀ ਇਕ ਤੇਰੀ ਓਟ ਰਹਾਈਐ ॥੩॥
ਹੋਇ ਦਇਆਲੁ ਕਿਰਪਾਲੁ ਪ੍ਰਭੁ ਠਾਕੁਰੁ ਆਪੇ ਸੁਣੈ ਬੇਨੰਤੀ ॥
ਪੂਰਾ ਸਤਿਗੁਰੁ ਮੇਲਿ ਮਿਲਾਵੈ ਸਭ ਚੂਕੈ ਮਨ ਕੀ ਚਿੰਤੀ ॥
ਹਰਿ ਹਰਿ ਨਾਮੁ ਅਵਖਦੁ ਮੁਖਿ ਪਾਇਆ ਜਨ ਨਾਨਕ ਸੁਖਿ ਵਸੰਤੀ ॥੪॥੧੨॥੬੨॥

[ਸੋਰਠਿ ਮਹਲਾ ੫, ਪੰਨਾ ੬੨੪-੨੫



www.AKJ.Org

ਇਹ ਹੁਕਮਨਾਮਾ ਤੇ ਪ੍ਰਸ਼ਾਦ ਲੈ ਕੇ ਕਿਰਪਾਲ ਸਿੰਘ ਜੀ ਵਾਪਸ ਆਏ। ਨਾਲ ਹੀ ਦਸਿਆ ਕਿ ਮਹਾਂ ਪੁਰਸ਼ਾਂ ਦਾ ਹੁਕਮ ਹੈ ਕਿ ਏਸੇ ਹੁਕਮਨਾਮੇ ਦਾ ਸਾਰਾ ਦਿਨ ਪਾਠ ਕਰੋ। ਸਤ ਦਿਨਾਂ ਦੇ ਅੰਦਰ ਹੀ ਮੇਰੇ ਪਤੀ ਜੀ ਬਿਲਕੁਲ ਠੀਕ ਹੋ ਗਏ। ਅਰਦਾਸ ਹੋਣ ਦੇ ਸਮੇਂ ਉਨ੍ਹਾਂ ਨੂੰ ਬੇਸੁਰਤੀ ਦੀ ਹਾਲਤ ਵਿਚ ਸ੍ਰੀ ਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਦਰਸ਼ਨ ਹੋਏ, ਜੁ ਉਹ ਮੈਂਟਲ ਹਸਪਤਾਲ ਦੇ ਸਭ ਤੋਂ ਵਡੇ ਡਾਕਟਰ ਲਾਜ ਪੈੱਚ (Lodge Patch) ਨਾਲ ਗੱਲ ਬਾਤ ਕਰ ਰਹੇ ਸਨ। ਪੂਰੀ ਹੋਸ਼ ਆਉਣ ਤੇ ਮੇਰੇ ਪਤੀ ਜੀ ਬਹੁਤ ਉਤਾਵਲੇ ਹੋ ਗਏ ਕਿ ਛੇਤੀ ਸ੍ਰੀ ਬਾਊ ਜੀ ਦੇ ਘਰ ਉੜਾੜੇ ਚਕ ਨੰਬਰ ੪੨ ਜਾਣਾ ਹੈ। ਸ: ਕਿਰਪਾਲ ਸਿੰਘ ਜੀ ਦੰਪਤੀ, ਮੇਰੇ ਮਾਮੀ ਜੀ, ਮੇਰੀ ਭੈਣ ਸੁਰਿੰਦਰ ਕੌਰ ਤੇ ਅਸੀਂ ਦੋਵੇਂ ਦਰ-ਸ਼ਨਾਂ ਲਈ ਤੁਰ ਪਏ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਰਸ਼ਨ ਕਰ ਕੇ ਉੜਾੜੇ ਪੁਜ ਗਏ। ਸ੍ਰੀ ਬਾਊ ਜੀ ਤੇ ਉਨ੍ਹਾਂ ਦੇ ਸਾਰੇ ਪਰਵਾਰ ਨੇ ਪੂਰਾ ਸਤਿਕਾਰ ਦਿਤਾ। ਉਥੇ ਸ੍ਰੀਮਾਨ ਹਰਬਚਨ ਸਿੰਘ ਜੀ ਦੇ ਦਰਸ਼ਨ ਹੋਏ, ਜੋ ਸ੍ਰੀ ਬਾਊ ਮਲ ਸਿੰਘ ਜੀ ਦੇ ਸਾਰੇ ਪਰਵਾਰ ਦੇ ਮਾਮਾ ਜੀ ਸਨ। ਉਹਨਾਂ ਨੇ ਸ੍ਰੀ ਬਾਊ ਜੀ ਦੀ ਸੁਪਤਨੀ (ਮਾਤਾ ਨਿਹਾਲ ਕੌਰ ਜੀ) ਦੇ ਨਾਲ ਅੰਮ੍ਰਿਤ ਪਾਨ ਕੀਤਾ ਸੀ। ਉਸ ਦਿਨ ਤੋਂ ਉਹ ਮੇਰੇ ਵੀ ਮਾਮਾ ਜੀ ਬਣ ਗਏ ਅਤੇ ਸਾਰਾ ਜੀਵਨ ਉਨ੍ਹਾਂ ਨੇ ਮੈਨੂੰ ਆਪਣੀਆਂ ਬੱਚੀਆਂ ਵਾਲਾ ਪਿਆਰ ਦਿਤਾ। ਇਹ ਮਾਮਾ ਜੀ ਸ੍ਰੀ ਬਾਊ ਜੀ ਦੇ ਪਰਮ ਮਿਤਰ ਸਨ ਅਤੇ ਬੜੇ ਉਚੇ ਤੇ ਸੁਚੇ ਜੀਵਨ ਵਾਲੇ ਗੁਰੂ ਕੇ ਸਿੰਘ ਸਨ।

ਸ੍ਰੀ ਬਾਊ ਜੀ ਤੇ ਮਾਮਾ ਜੀ ਸਾਨੂੰ ਨਾਰੰਗਵਾਲ ਸ੍ਰੀ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਦਰਸ਼ਨਾਂ ਲਈ ਲੈ ਗਏ। ਰਾਤ ਅਸੀਂ ਲੁਧਿਆਣੇ ਪ੍ਰੋ: ਠਾਕਰ ਸਿੰਘ ਜੀ ਦੇ ਘਰ ਰੁਕੇ, ਜੋ ਰਿਸ਼ਤੇ ਵਿਚ ਸ੍ਰੀ ਬਾਊ ਜੀ ਦੇ ਭਤੀਜੇ ਸਨ, ਪਰ ਪਿਆਰ ਵਿਚ ਪਿਆਰੇ ਪੁਤਰ ਸਨ। ਉਨ੍ਹਾਂ ਨੇ ਜੋ ਪਿਆਰ ਸਤਿਕਾਰ ਸਾਨੂੰ ਦਿਤਾ, ਉਸ ਦੀ ਵੀ ਅਕੱਥ ਕਥਾ ਹੈ। ਉਹ ਹੁਣ ਤਕ ਸਾਡੇ ਪਰਮ ਮਿਤਰ ਅਤੇ ਦੁਖ ਸੁਖ ਦੇ ਸਾਂਝੀਵਾਲ ਹਨ।

ਦੂਜੇ ਦਿਨ ਸਵੇਰੇ ਅਸੀਂ ਨਾਰੰਗਵਾਲ ਪੁਜੇ। ਮੇਰੇ ਪਤੀ ਜੀ ਦੀ ਹੈਰਾਨੀ ਦੀ ਕੋਈ ਹਦ ਨਾ ਰਹੀ ਜਦੋਂ ਉਨ੍ਹਾਂ ਨੂੰ ਸ੍ਰੀ ਭਾਈ ਸਾਹਿਬ ਰਣਧੀਰ ਸਿੰਘ ਜੀ ਬੇਸੁਰਤੀ ਦੀ ਹਾਲਤ ਦੇ ਨਜ਼ਾਰੇ ਵਾਲੇ ਹੀ ਮਹਾਂ ਪੁਰਸ਼ ਦਿਸੇ। ਨਾਲ ਹੀ ਨਜ਼ਾਰੇ ਵਾਲੀ ਥਾਂ ਵੀ ਉਨ੍ਹਾਂ ਦਾ ਘਰ ਹੀ ਦਿਸਿਆ। ਉਨ੍ਹਾਂ ਨੂੰ ਯਕੀਨ ਹੋ ਗਿਆ ਕਿ ਉਨ੍ਹਾਂ ਪ੍ਰਤੀ ਕੀਤੀ ਅਰਦਾਸ ਦੀ ਸੁਣਾਈ ਸ੍ਰੀ ਭਾਈ ਸਾਹਿਬ ਅਤੇ ਸ੍ਰੀ ਬਾਊ ਜੀ ਦੇ ਸਦਕੇ ਹੀ ਹੋਈ ਹੈ। ਭਾਈ ਸਾਹਿਬ ਜੀ ਦੀ ਪ੍ਰਬਲ ਸ਼ਖ਼ਸੀਅਤ ਦਾ ਮੇਰੇ ਮਨ ਤੇ ਬੜਾ ਡੂੰਘਾ ਪ੍ਰਭਾਵ ਪਿਆ।

ਪੂਰੇ ਇਕ ਸਾਲ ਮਗਰੋਂ ਸਾਡੇ ਘਰ ਰਾਵਲਪਿੰਡੀ ਵਿਖੇ ਏਸੇ ਜਥੇ ਨੇ ਸ੍ਰੀ ਅਖੰਡ ਪਾਠ ਰਖਿਆ। ਪਾਠ ਤੋਂ ਮਗਰੋਂ ਮੇਰੇ ਪਤੀ ਜੀ ਦੀ ਦਿਮਾਗੀ ਹਾਲਤ ਫਿਰ ਵਿਗੜ ਗਈ। ਸ੍ਰੀ ਬਾਊ ਮਲ ਸਿੰਘ ਜੀ ਮੇਰੇ ਧਰਮ-ਪਿਤਾ ਸਨ ਤੇ ਮੈਂ ਉਹਨਾਂ ਦੀ ਪਿਆਰੀ ਪੁਤਰੀ। ਉਹ ਤਰਸ ਵਿਚ ਆ ਗਏ। ਤਕਲੀਫ ਵਿਚ ਮੈਨੂੰ ਇਕੱਲੇ ਛਡਣਾ ਉਨ੍ਹਾਂ ਲਈ ਮੁਸ਼ਕਲ ਹੋ ਗਿਆ। ਉਨ੍ਹਾਂ ਨੇ ਪ੍ਰੋ: ਠਾਕਰ ਸਿੰਘ ਜੀ ਅਤੇ ਭਾਊ ਤੇਜਾ ਸਿੰਘ ਜੀ ਨੂੰ ਡਾਕਟਰ ਸਾਹਿਬ ਦੀ ਸੇਵਾ ਲਈ ਸਾਡੇ ਘਰ ਰਹਿਣ ਲਈ ਹੁਕਮ ਦਿਤਾ। ਇਨ੍ਹਾਂ ਦੋਹਾਂ ਨੇ ਮੇਰੇ ਪਤੀ ਜੀ ਦੀ ਬੜੇ ਹੀ ਪਿਆਰ ਨਾਲ ਸੇਵਾ ਕੀਤੀ, ਜਿਸ ਲਈ ਮੇਰੇ ਮਨ ਵਿਚ ਗੁਰਸਿਖੀ ਦੇ ਪਿਆਰ ਦੀ ਕੀਮਤ ਬਹੁਤ ਹੀ ਵਧ ਗਈ। ਮੈਨੂੰ ਇਹ ਹੀ ਸੱਕੇ ਸੰਬੰਧੀ ਦਿਸੇ। ਬਾਕੀ ਦੁਨੀਆ ਦੀ ਅਸਲੀਅਤ ਸਾਹਮਣੇ ਆ ਗਈ। ਸ੍ਰੀ ਬਾਊ ਜੀ ਤੇ ਉਨ੍ਹਾਂ ਦਾ ਸਾਰਾ ਪਰਵਾਰ ਮੈਨੂੰ ਸਭ ਤੋਂ ਪਿਆਰਾ ਤੇ ਸਨੇਹੀ ਭਾਸਣ ਲਗਾ। ਮੇਰੇ ਪਤੀ ਜੀ ਲਾਹੌਰ ਦਿਮਾਗੀ ਬੀਮਾਰੀਆਂ



www.AKJ.Org

ਦੇ ਹਸਪਤਾਲ ਵਿਚ ਦਾਖ਼ਲ ਹੋ ਗਏ । ਉਹਨਾਂ ਦੀ ਦਿਮਾਗੀ ਹਾਲਤ ਹੋਰ ਵਿਗੜ ਗਈ ।

ਮੈਂ ਉਕਾੜੇ ਗਈ । ਉਥੇ ਸ੍ਰੀ ਬਾਊ ਜੀ ਦੀ ਲੜਕੀ ਦੀ ਸ਼ਾਦੀ ਸੀ ਅਤੇ ਸ੍ਰੀ ਭਾਈ ਸਾਹਿਬ ਵੀ ਜਥੇ ਸਮੇਤ ਗਏ ਹੋਏ ਸਨ । ਮੇਰੇ ਧਰਮ-ਪਿਤਾ ਬਾਊ ਜੀ ਦਾ ਬੜਾ ਸੰਗੀਨ ਐਕਸੀਡੈਂਟ ਹੋ ਗਿਆ ਸੀ । ਮੈਂ ਡੂੰਘੀ ਉਦਾਸੀ ਵਿਚ ਭਾਈ ਸਾਹਿਬ ਜੀ ਨਾਲ ਵਾਪਸੀ ਲਈ ਬਸ ਵਿਚ ਬੈਠੀ ਸਾਂ । ਅਚੇਤ ਹੀ ਸ੍ਰੀ ਭਾਈ ਸਾਹਿਬ ਜੀ ਨੇ ਮੇਰੇ ਸਿਰ ਤੇ ਹੱਥ ਰਖਿਆ । ਮੈਂ ਚੌਂਕ ਜਿਹੀ ਗਈ । ਫਿਰ ਮਹਾਂ ਪੁਰਸ਼ਾਂ ਨੇ ਬਖਸ਼ਸ਼ ਭਰੀ ਨਜ਼ਰ ਦੇ ਨਾਲ ਹੀ ਬਚਨ ਕੀਤਾ, ''ਬਸ ਬੀਬੀ, ਤੇਰਾ ਕਸ਼ਟ ਦੂਰ ਹੋ ਚੁਕਾ ਹੈ, ਹੁਣ ਡਾਕਟਰ ਸਾਹਿਬ ਠੀਕ ਹੋ ਜਾਣਗੇ ।'' ਮੈਂ ਸ਼ੁਕਰ ਵਿਚ ਸਿਰ ਨਿਵਾਇਆ । ਮੈਂ ਵਾਪਸ ਰਾਵਲਪਿੰਡੀ ਪੁਜ ਗਈ ।

ਇਕ ਦਿਨ ਸ੍ਰੀ ਭਾਈ ਸਾਹਿਬ ਜੀ ਦੀ ਤਾਰ ਆਈ ਕਿ ਡਾਕਟਰ ਸਾਹਿਬ ਦੀ ਸਿਹਤ ਲਈ ਲੁਧਿਆਣੇ ਸ੍ਰੀ ਅਖੰਡ ਪਾਠ ਰਖਿਆ ਗਿਆ ਹੈ, ਭੋਗ ਅਰਦਾਸ ਵਿਚ ਸ਼ਾਮਲ ਹੋਵੋ । ਮੈਂ ਵਕਤ ਸਿਰ ਉਥੇ ਪੁਜੀ । ਸ੍ਰੀ ਭਾਈ ਸਾਹਿਬ ਜੀ ਨੇ ਪ੍ਰੋ: ਠਾਕਰ ਸਿੰਘ ਜੀ ਨੂੰ ਅਰਦਾਸ ਕਰਨ ਲਈ ਕਿਹਾ । ਬੜੇ ਰੰਗਾਂ ਵਿਚ ਅਰਦਾਸ ਹੋਈ ।

ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ ॥
ਨਾਨਕ ਜੋਰੁ ਗੋਵਿੰਦ ਕਾ ਪੂਰਨ ਗੁਣਤਾਸਿ ॥ [ਬਿਲਾਵਲੁ ਮਹਲਾ ੫, ਪੰਨਾ ੮੧੯

ਦੇ ਮਹਾਂਵਾਕ ਅਨੁਸਾਰ ਜਨ ਕੀ ਅਰਦਾਸ ਸੁਣੀ ਗਈ ਤੇ ਮੇਰਾ ਕਸ਼ਟ ਦੂਰ ਹੋ ਗਿਆ । ਡਾਕਟਰ ਸਾਹਿਬ ਹਫ਼ਤੇ ਦੇ ਵਿਚ ਵਿਚ ਹੀ ਰਾਜ਼ੀ ਹੋ ਗਏ ।

# ਕੇਸਾਂ ਬਾਰੇ ਇਕ ਜ਼ਾਤੀ ਸੁਆਦਲਾ ਤਜਰਬਾ

[ਮਾਸਟਰ ਤਾਰਾ ਸਿੰਘ ਜੀ ਦਾ ਇਕ ਛੋਟਾ ਜਿਹਾ ਲੇਖ ''ਸੰਤ ਸਿਪਾਹੀ'' ਜੁਲਾਈ ੧੯੫੪ ਵਿਚ]

ਮੈਂ ਡਾਕਟਰ ਸੰਤੋਖ ਸਿੰਘ ਦਾ ਇਕ ਮਜ਼ਮੂਨ ਪੜ੍ਹਿਆ ਹੈ, ਜਿਸ ਵਿਚ ਉਹਨਾਂ ਨੇ ਕੇਸਾਂ ਦਾ ਸਿਰ ਉਤੇ ਅਸਰ ਬਾਰੇ ਲਿਖਿਆ ਹੈ । ਇਸ ਬਾਰੇ ਸਾਡੇ ਖਾਨਦਾਨ ਦਾ ਵੀ ਇਕ ਜ਼ਾਤੀ ਤੇ ਦਿਲਚਸਪ ਤਜਰਬਾ ਹੈ, ਜੋ ਮੈਂ ਪਾਠਕਾਂ ਦੀ ਦਿਲਚਸਪੀ ਲਈ ਲਿਖਦਾ ਹਾਂ ।

ਸਾਡੇ ਖਾਨਦਾਨ ਦੇ ਸਭ ਮੈਂਬਰ 'ਮੋਨੇ' ਸਨ, ਕੋਈ ਇਕ ਵੀ ਸਿਖ ਨਹੀਂ ਸਜਿਆ ਸੀ । ਸਗੋਂ ਇਹ ਕਿਹਾ ਜਾਂਦਾ ਸੀ ਕਿ ਸਿਖ ਬਣਨਾ ਸਾਡੇ ਖ਼ਾਨਦਾਨ ਦੀ ਰੀਤ ਦੇ ਵਿਰੁਧ ਸੀ । ਓਦਣ ਸਾਡੇ ਖਾਨਦਾਨ ਵਿਚ ਸਿਰ-ਪੀੜ ਦੀ ਬੀਮਾਰੀ ਅਜਿਹੇ ਢੰਗ ਦੀ ਸੀ ਕਿ ਮਰਦਾਂ ਨੂੰ ਜਵਾਨੀ ਚੜ੍ਹਦਿਆਂ ਹੀ ਸ਼ੁਰੂ ਹੁੰਦੀ ਤੇ ਬੁਢੇਪੇ ਤਕ ਜਾਂਦੀ । ਇਹ ਸਿਰ-ਪੀੜ ਦੇ ਹਮਲੇ ਸਾਲ ਵਿਚ ਕਈ ਵਾਰੀ ਤਾਂ ਬਹੁਤ ਸਖਤ ਹੋ ਜਾਂਦੇ । ਮੇਰੇ ਪਿਤਾ ਜੀ ਨੂੰ ਇਕ ਸਿਰ-ਪੀੜ ਦਾ ਹਮਲਾ ਅਜਿਹਾ ਸਖਤ ਹੋਇਆ ਕਿ ਜਾਨ ਦੇ ਲਾਲੇ ਪੈ ਗਏ । ਸੋ ਉਹਨਾਂ ਨੂੰ ਮੰਜੀ ਤੋਂ ਥਲੇ ਉਤਾਰ ਕੇ ਉਹਨਾਂ ਤੋਂ ਦੀਪਕ ਦਾਨ ਵੀ ਕਰਾ ਦਿਤਾ ਗਿਆ । ਪਰ ਇਕ ਸਾਧੂ ਦੇ ਅਚਾਨਕ ਆ ਜਾਣ ਤੇ ਉਸ ਦੇ ਦਵਾ ਦਾਰੂ ਕਰਨ ਨਾਲ ਉਹ ਬਚ ਗਏ ।

ਮੇਰੇ ਭਰਾਵਾਂ ਨੂੰ ਵੀ ਇਹੋ ਬੀਮਾਰੀ ਸ਼ੁਰੂ ਹੋ ਗਈ ਸੀ । ਮੈਂ ਤਾਂ ਜੁਆਨੀ ਚੜ੍ਹਨ ਤੋਂ ਪਹਿਲਾਂ ਹੀ ਸਿਖ ਬਣ ਗਿਆ ਸਾਂ ਤੇ ਮੈਨੂੰ ਤਾ ਇਹ ਸ਼ਕਾਇਤ ਹੋਈ ਹੀ ਨਹੀਂ ਸੀ । ਪਿਛੋਂ ਜਦ ਮੇਰੇ ਭਰਾ ਵੀ ਸਿਖ ਬਣ ਗਏ ਤਾਂ ਉਹਨਾਂ ਦੀ ਬੀਮਾਰੀ ਵੀ ਦੂਰ ਹੋ ਗਈ ।

ਸੋ ਕੇਸ ਰਖਣੇ ਸਾਡੇ ਲਈ ਤਾਂ ਇਕ ਨਿਆਮਤ ਸਾਬਤ ਹੋਏ ਹਨ ।



www.AKJ.Org

# ਗੁਰੂ ਅਰਜਨ ਦੇਵ ਜੀ ਦੇ ਨਿਕਟ-ਵਰਤੀ ਸਿਖ

[ਡਾਕਟਰ ਜਸਵੰਤ ਸਿੰਘ ਜੀ ਨੇਕੀ]

ਇਹ ਲੇਖ ਉਨ੍ਹਾਂ ਮਹਾਂ ਪੁਰਸ਼ਾਂ ਦੇ ਸੂਰੇ ਤੇ ਸਿਦਕੀ ਜੀਵਨ ਪਰ ਝਾਤ ਮਾਰਨ ਦਾ ਇਕ ਨਿਮਾਣਾ ਜਿਹਾ ਜਤਨ ਹੈ ਜਿਨ੍ਹਾਂ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸਮਕਾਲੀ ਹੋਣ ਦੇ ਨਾਤੇ ਉਨ੍ਹਾਂ ਦੇ ਨੂਰਾਨੀ ਉਪਦੇਸ਼ ਦੇ ਛਿਟੇ ਸਿਧੀ ਆਪਣੀ ਆਤਮਾ ਤੇ ਮਾਣੇ ਤੇ ਆਪਣੀਆਂ ਪੰਜ-ਭੂਤਕ ਅੱਖਾਂ ਨਾਲ ਮਹਾਰਾਜ ਦੇ ਪਾਵਨ ਦੀਦਾਰ ਪ੍ਰਾਪਤ ਕੀਤੇ। ਮਹਾਰਾਜ ਦੇ ਇਨ੍ਹਾਂ ਨਿਕਟਵਰਤੀ ਸਮਕਾਲੀਆਂ ਦਾ ਸਿਖ ਇਤਿਹਾਸ ਵਿਚ ਬੜਾ ਉੱਚਾ ਅਸਥਾਨ ਹੈ। ਇਸ ਲਈ ਉਚਿਤ ਹੈ ਕਿ ਅਜ ਦੇ ਦਿਨ ਅਸੀਂ ਉਨ੍ਹਾਂ ਦੀ ਯਾਦ ਵੀ ਤਾਜ਼ਾ ਕਰੀਏ।

**ਬਾਬਾ ਬੁਢਾ ਜੀ—**

ਰਾਮਦਾਸ ਪਿੰਡ ਦੇ ਵਸਨੀਕ ਬਾਬਾ ਬੁਢਾ ਜੀ ਉਹ ਪਾਵਨ ਹਸਤੀ ਸਨ ਜਿਨ੍ਹਾਂ ਦੇ ਪਵਿੱਤ੍ਰ ਹਸਤ-ਕਮਲਾਂ ਨੇ ਗੁਰੂ ਅੰਗਦ ਜੀ ਤੋਂ ਲੈ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਤਕ ਪੰਜਾਂ ਗੁਰੂ ਸਾਹਿਬਾਂ ਨੂੰ ਗੁਰ-ਗੱਦੀ ਦਾ ਤਿਲਕ ਲਾਇਆ। ਸਤ ਸਾਲ ਦੀ ਬਾਲੀ ਉਮਰ ਵਿਚ ਸਿਆਣਪ ਤੇ ਸੁਘੜਤਾ ਭਰਪੂਰ ਗੱਲਾਂ ਨਾਲ ਆਪ ਨੇ ਗੁਰੂ ਨਾਨਕ ਦੇਵ ਜੀ ਪਾਸੋਂ 'ਬਾਬਾ ਬੁਢਾ' ਦਾ ਲਕਬ ਪ੍ਰਾਪਤ ਕੀਤਾ। ਅਸਲ ਨਾਮ ਆਪ ਦਾ 'ਬੂੜਾ' ਸੀ।

ਗੁਰੂ ਅਰਜਨ ਦੇਵ ਜੀ ਦਾ ਆਪ ਨਾਲ ਬੜਾ ਡੂੰਘਾ ਪਿਆਰ ਸੀ ਤੇ ਉਹ ਆਪ ਦੀ ਇਤਨੀ ਇਜ਼ਤ ਕਰਦੇ ਸਨ ਕਿ ਮਾਤਾ ਗੰਗਾ ਜੀ ਨੂੰ ਪੁਤਰ ਦਾ ਵਰ ਪ੍ਰਾਪਤ ਕਰਨ ਲਈ ਆਪ ਪਾਸ ਘਲਿਆ ਤੇ ਆਪ ਨੇ ਗੰਢਾ ਭੰਨਦਿਆਂ ਇਹ ਆਖ ਕੇ: 'ਮਾਤਾ ਜੀ, ਜਿਵੇਂ ਮੈਂ ਇਹ ਗੰਢਾ ਭੰਨ ਰਿਹਾ ਹਾਂ, ਤੁਹਾਡਾ ਸਾਹਿਬਜ਼ਾਦਾ ਮੁਗ਼ਲਾਂ ਦੀਆਂ ਸਿਰੀਆਂ ਭੰਨੇਗਾ' ਇਕ ਅਜਿਹਾ ਵਰ ਦਿਤਾ ਜਿਸ ਨੇ ਸਿਖ ਇਤਿਹਾਸ ਵਿਚ ਇਕ ਨਵਾਂ ਮੋੜ ਲੈ ਆਂਦਾ। ਗੁਰੂ ਅਰਜਨ ਦੇਵ ਜੀ ਨੇ ਆਪ ਦੀ ਸਿਆਣਪ ਤੇ ਵਿਦਵਤਾ ਦੇ ਕਾਰਨ ਆਪ ਨੂੰ ਇਸ ਸਾਹਿਬਜ਼ਾਦੇ ਨੂੰ ਵਿਦਿਆ ਦੇਣ ਦਾ ਫ਼ਰਜ਼ ਸੌਂਪਿਆ। ਸ੍ਰੀ ਹਰਮਿੰਦਰ ਸਾਹਿਬ ਦੀ ਇਮਾਰਤ ਦੀ ਨਿਗਰਾਨੀ ਵੀ ਆਪ ਦੇ ਹੀ ਹਿਸੇ ਆਈ ਸੀ ਤੇ ਇਸ ਮੰਦਰ ਵਿਚ ਅਸਥਾਪਨ ਹੋਈ ਪਹਿਲੀ ਪਾਵਨ ਬੀੜ ਦੇ ਪਹਿਲੇ ਗ੍ਰੰਥੀ ਦਾ ਮਾਣ ਵੀ ਆਪ ਜੈਸੀ ਮਹਾਨ ਹਸਤੀ ਨੂੰ ਹੀ ਪ੍ਰਾਪਤ ਹੋ ਸਕਦਾ ਸੀ।

ਆਤਮਕ ਅਵਸਥਾ ਵਿਚ ਆਪ ਦਾ ਇਤਨਾ ਉਚਾ ਦਰਜਾ ਸੀ ਕਿ ਲੋਕ ਵੀ ਆਪ ਨੂੰ ਤ੍ਰੈਕਾਲ-ਦਰਸੀ ਜਾਣਦੇ ਸਨ। ਗੁਰੂ ਅੰਗਦ ਮਹਾਰਾਜ ਨੂੰ ਖਡੂਰ ਵਿਚ ਤੇ ਗੁਰੂ ਰਾਮਦਾਸ ਪਾਤਸ਼ਾਹ ਨੂੰ ਬਾਸਰਕੇ ਵਿਚ ਲੁਕਿਆਂ ਪਰਗਟ ਕਰ ਕੇ ਲੁਛਦੇ ਸਿਖਾਂ ਦੀਆਂ ਤੜਪਦੀਆਂ ਰੂਹਾਂ ਨੂੰ ਠਾਰਨ ਦਾ ਭਾਗੀ ਹੋਣਾ ਅ ਪ ਜੈਸੇ ਕਲਾਧਾਰੀ ਦੀ ਕਲਾ ਦਾ ਕ੍ਰਿਸ਼ਮਾ ਹੀ ਹੋ ਸਕਦਾ ਸੀ। ਸਤ ਵਰ੍ਹਿਆਂ ਦੀ ਉਮਰ ਤੋਂ ਇਕ ਸੌ ਸਤ ਵਰ੍ਹਿਆਂ ਦੀ ਉਮਰ ਤਕ, ਜਦ ਆਪ ਨੇ ਇਹ ਪੰਜ-ਭੂਤਕ ਚੋਲਾ ਤਿਆਗਿਆ, ਪੂਰਾ ਸੌ ਵਰ੍ਹਾ ਆਪ ਨੇ ਸਿਖੀ ਦੇ ਪਰਚਾਰ ਤੇ ਸੇਵਾ ਵਿਚ ਬਿਤਾਇਆ।

**ਭਾਈ ਗੁਰਦਾਸ ਜੀ—**

ਗੁਰੂ ਤੇ ਸਿਖ ਦੇ ਰਿਸ਼ਤੇ ਨਾਲੋਂ ਕੋਈ ਰਿਸ਼ਤਾ ਵਡਾ ਨਹੀਂ। ਪਰ ਭਾਈ ਗੁਰਦਾਸ ਜੀ ਦਾ ਗੁਰੂ ਅਰਜਨ ਦੇਵ ਜੀ ਮਹਾਰਾਜ ਨਾਲ ਦੁਨਿਆਵੀ ਸਾਕ ਵੀ ਸੀ। ਐਪਰ ਇਸ ਸਾਕ ਕਰਕੇ ਨਹੀਂ, ਸਗੋਂ ਆਪ ਦੇ ਗੁਰਸਿਖੀ ਸਿਦਕ, ਵਿਦਵਤਾ ਤੇ ਬਿਬੇਕ ਦੇ ਕਾਰਨ ਹੀ ਆਪ ਨੂੰ ਮਹਾਰਾਜ ਦਾ ਅਤਿਅੰਤ ਨੇੜ ਤੇ ਆਦਰ ਪ੍ਰਾਪਤ ਸੀ।

ਮਹਾਰਾਜ ਨੇ ਜਦੋਂ ਬਾਣੀ ਇਕੱਠੀ ਕਰ ਕੇ ਪਾਵਨ ਬੀੜ ਤਿਆਰ ਕਰਵਾਈ ਤਾਂ ਇਸ ਬੀੜ ਦੀ ਲਿਖਾਈ ਦਾ ਮਹਾਨ ਕੰਮ ਆਪ ਦੇ ਹੀ ਸਪੁਰਦ ਕੀਤਾ ਗਿਆ ਸੀ।

ਭਾਈ ਗੁਰਦਾਸ ਜੀ: ਆਪ ਬੜੇ ਉੱਤਮ ਕਵੀ ਸਨ। ਆਪ ਦੀ ਰਚਨਾ ਨੂੰ 'ਗੁਰਬਾਣੀ ਦੀ ਕੁੰਜੀ' ਦੀ ਪਦਵੀ ਪ੍ਰਾਪਤ ਹੈ। ਆਪ ਨੇ ਆਪਣੀਆਂ


www.AKJ.Org

ਵਾਰਾਂ ਵਿਚ ਆਪਣੇ ਸਮੇਂ ਤਕ ਦਾ ਗੁਰ-ਇਤਿਹਾਸ ਅੰਕਤ ਕਰਕੇ ਸਿਖ ਧਰਮ ਦੇ ਪਹਿਲੇ ਇਤਿਹਾਸਕਾਰ ਕਹਾਉਣ ਦਾ ਹਕ ਪ੍ਰਾਪਤ ਕੀਤਾ ਹੈ । ਆਪਣੀ ਰਚਨਾ ਵਿਚ ਗੁਰ-ਉਪਦੇਸ਼ ਤੇ ਸਿਖੀ-ਚਲਨ ਦੀ ਵਿਆਖਿਆ ਕਰ ਕੇ ਤੇ ਦੇਸ ਦਿਸਾਂਤਰਾਂ ਵਿਚ ਸਿਖੀ ਦਾ ਪਰਚਾਰ ਕਰ ਕੇ ਆਪ ਨੇ ਸਿਖ ਧਰਮ ਵਿਚ ਇਕ ਮਹਾਨ ਆਚਰਨ ਦਾ ਨਮੂਨਾ ਪੇਸ਼ ਕੀਤਾ ਹੈ। ਇਸ ਲਈ ਆਪ ਨੂੰ ਸਿਖ ਧਰਮ ਦਾ 'ਸੇਂਟਪਾਲ' ਕਿਹਾ ਜਾਂਦਾ ਹੈ।

**ਭਾਈ ਮੰਝ–**

ਪੀਰ ਸਖੀ ਸਰਵਰ ਦਾ ਉਪਾਸ਼ਕ ਮੰਝ ਗੁਰੂ ਦੀ ਮਹਿਮਾ ਤੇ ਗੁਰਬਾਣੀ ਦਾ ਪਾਠ ਸੁਣ ਕੇ ਮੋਹਿਆ ਗਿਆ ਤੇ ਗੁਰੂ ਅਰਜਨ ਮਹਾਰਾਜ ਦੇ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਕਰ ਕੇ ਗੁਰੂ ਜੋਗਾ ਹੀ ਹੋ ਗਿਆ। ਫਿਰ ਇਸ ਨੇ ਸੇਵਾ ਦਾ ਉਹ ਆਦਰਸ਼ ਕਾਇਮ ਕੀਤਾ ਕਿ 'ਗੁਰੂ ਕਾ ਖੇਵਟ' ਹੋ ਨਿਬੜਿਆ—

ਮੰਝ ਪਿਆਰਾ ਗੁਰੂ ਕੋ ਗੁਰ ਮੰਝ ਪਿਆਰਾ।
ਮੰਝ ਗੁਰੂ ਕਾ ਖੇਵਟਾ, ਜਗ ਲੰਘਣਹਾਰਾ।

ਦਿਨ ਰਾਤ ਲੰਗਰ ਦੀ ਸੇਵਾ ਕਰ ਕੇ ਆਪਣੀ ਉਪਜੀਵਕਾ ਵਾਸਤੇ ਵਖਰੀ ਮਿਹਨਤ ਕਰ ਕੇ, ਤੇ ਝਖੜ ਝਾਂਗੀ ਮੀਂਹ ਵਸਦਿਆਂ ਭੀ ਸੇਵਾ ਦੇ ਨੇਮ ਵਿਚ ਫਰਕ ਨਾ ਪੈਣ ਦੇਣ ਵਾਲੇ ਮੰਝ ਨੇ ਗੁਰੂ ਦੇ ਪਿਆਰ ਦੀ ਨਿਘੀ ਬੁਕਲ ਵਿਚ ਆਪਣਾ ਸਦੀਦੀ ਥਾਂ ਪ੍ਰਾਪਤ ਕਰ ਲਿਆ।

**ਭਾਈ ਕਲਿਆਣਾ–**

ਆਪਣੇ ਇਖ਼ਲਾਕੀ ਬਲ ਨਾਲ ਮੰਡੀ ਦੇ ਰਾਜੇ ਨੂੰ ਸਾਲਗਰਾਮ ਦੀ ਉਪਾਸ਼ਨਾ ਤੋਂ ਹਟਾ ਕੇ ਗੁਰੂ ਦੇ ਦਰਸ਼ਨਾਂ ਲਈ ਤੋਰ ਕੇ ਲਿਆਉਣ ਵਾਲਾ ਇਹ ਸਿਦਕੀ ਸਿਖ ਵਰਤ ਰਖਣ ਤੇ ਸਾਲਗਰਾਮ ਦੀ ਪੂਜਾ ਕਰਨ ਦੇ ਸਰਕਾਰੀ ਹੁਕਮ ਦੀ ਉਲੰਘਣਾ ਕਰ ਕੇ ਰਾਜ ਦੇ ਪੇਸ਼ ਹੋਇਆ ਤੇ ਉਸ ਨੂੰ ਪੱਥਰ ਦੇ ਨਿਰਜੀਵ ਸਾਲਗਰਾਮ ਦੀ ਥਾਂ ਜਾਗਤ-ਜੋਤਿ ਗੁਰੂ ਅਰਜਨ ਦੀ ਉਪਾਸ਼ਨਾ ਦਾ ਉਪਦੇਸ਼ ਦਿਤਾ। ਭਾਈ ਕਲਿਆਣੇ ਦੇ ਉਚੇ ਆਚਰਨ ਦਾ ਰਾਜੇ ਤੇ ਉਹ ਅਸਰ ਹੋਇਆ ਕਿ ਉਹ ਗੁਰੂ ਮਹਾਰਾਜ ਦੇ ਦਰਸ਼ਨਾਂ ਨੂੰ ਆਇਆ ਤੇ ਬਣ ਰਹੇ ਹਰਿਮੰਦਰ ਦੀ ਸੇਵਾ ਦਾ ਭਾਗੀ ਬਣਿਆ।

**ਭਾਈ ਭਗਤੂ–**

ਬੁਢੇ ਮਾਪਿਆਂ ਦੇ ਘਰ ਗੁਰੂ ਰਾਮਦਾਸ ਜੀ ਦੇ ਵਰ ਨਾਲ ਜਨਮਿਆ ਭਾਈ ਭਗਤੂ ਪੰਜਵੇਂ ਪਾਤਸ਼ਾਹ ਦੇ ਵੇਲੇ ਸਰੋਵਰ ਦੀ ਸੇਵਾ ਦਾ ਮੁਖੀਆ ਥਾਪਿਆ ਗਿਆ। ਸਿਰ ਤੇ ਗਾਰੇ ਢੋਣ ਵਾਲਾ ਇਹ ਪਾਵਨ ਮਹਾਂ-ਪੁਰਖ ਖ਼ਬਰੇ ਸਾਰੀ ਦੁਨੀਆ ਦੇ ਪਾਪਾਂ ਦੀ ਪੰਡ ਢੋ ਢੋ ਕੇ ਸੁਟ ਰਿਹਾ ਸੀ। ਭਾਈ ਭਗਤੂ ਗੁਰੂ ਰਾਮਦਾਸ ਜੀ ਤੋਂ ਗੁਰੂ ਹਰਿ ਰਾਇ ਸਾਹਿਬ ਤਕ ਚੌਹਾਂ ਪਾਤਸ਼ਾਹੀਆਂ ਦਾ ਸਮਕਾਲੀ ਸੀ। ਕਿਤਨਾ ਸੁਭਾਗਾ ਸੀ ਉਸ ਦਾ ਜਨਮ, ਜੋ ਗੁਰੂ ਦੇ ਵਰ ਨਾਲ ਸ਼ੁਰੂ ਹੋਇਆ, ਗੁਰੂ ਦੀ ਸੇਵਾ ਵਿਚ ਬੀਤਿਆ ਤੇ ਗੁਰੂ ਹਰਿ ਰਾਇ ਜੀ ਦੇ ਹੀ ਪਵਿਤ੍ਰ ਕਰ-ਕਮਲਾਂ ਨਾਲ ਸਸਕਾਰਿਆ ਗਿਆ।

**ਭਾਈ ਬੰਨੋ–**

ਗੁਜਰਾਤ ਜ਼ਿਲੇ ਵਿਚ ਮਾਂਗਟ ਪਿੰਡ ਦਾ ਵਸਨੀਕ ਭਾਈ ਬੰਨੋ ਗੁਰਬਾਣੀ ਦਾ ਅਤਿਅੰਤ ਸ਼ਰਧਾਲੂ ਸੀ। ਜਦੋਂ ਮਹਾਰਾਜ ਗੁਰੂ ਅਰਜਨ ਦੇਵ ਜੀ ਨੇ ਪਾਵਨ ਬੀੜ ਤਿਆਰ ਕਰਵਾਈ ਤਾਂ ਜਿਲਦ ਬੰਨ੍ਹਵਾਉਣ ਲਈ ਭਾਈ ਬੰਨੋ ਦੀ ਸੇਵਾ ਲਗੀ। ਜਿਲਦ ਬੰਨ੍ਹਵਾਉਣ ਦੇ ਦੌਰਾਨ ਵਿਚ ਆਪ ਨੇ ਬੀੜ ਦਾ ਇਕ ਉਤਾਰਾ ਤਿਆਰ ਕਰ ਲਿਆ, ਪਰ ਇਸ ਵਿਚ ਮੀਰਾਂ ਬਾਈ ਤੇ ਸੂਰਦਾਸ ਆਦਿ ਦੇ ਕੁਝ ਵਾਧੂ ਸ਼ਬਦ ਵੀ ਦਰਜ ਕਰ ਲਏ। ਗੁਰੂ ਅਰਜਨ ਮਹਾਰਾਜ ਨੇ ਇਸ ਬੀੜ ਨੂੰ ਪਹਿਲੀ ਬੀੜ ਦਾ ਦਰਜਾ ਦੇਣਾ ਪਰਵਾਨ ਨਹੀਂ ਕੀਤਾ, ਪਰ ਇਸ ਨੂੰ ਇਸੇ ਰੂਪ ਵਿਚ ਰਖੇ ਰਹਿਣ ਦੀ ਆਗਿਆ ਦੇ ਦਿਤੀ ਤੇ ਇਹ ਬੀੜ ਖਾਰੀ ਬੀੜ ਦੇ ਨਾਂ ਨਾਲ ਪ੍ਰਸਿਧੀ ਹੋਈ।

ਇਨ੍ਹਾਂ ਮੁਬਾਰਕ ਹਸਤੀਆਂ ਤੋਂ ਛੁੱਟ ਭਾਈ ਪੈੜਾ, ਭਾਈ ਸਾਲੂ, ਭਾਈ ਨਿਹਾਲੂ, ਭਾਈ ਜੇਠਾ, ਭਾਈ ਬਹਿਲੋ, ਭਾਈ ਭੂਰੀਆ ਆਦਿ ਹੋਰ ਵੀ ਕਈ ਨਿਕਟਵਰਤੀ ਸਿਖਾਂ ਦਾ ਜ਼ਿਕਰ ਇਤਿਹਾਸ ਵਿਚ ਆਉਂਦਾ ਹੈ, ਪਰ ਉਹਨਾਂ ਬਾਰੇ ਬਹੁਤੀ ਜਾਣਕਾਰੀ

(ਬਾਕੀ ਸਫ਼ਾ ੨੧, ਕਾਲਮ ੧ ਹੇਠ)



www.AKJ.Org

# ਗਲੰੀ ਅਸੀ ਚੰਗੀਆ ਆਚਾਰੀ ਬੁਰੀਆਹ

[ਵਲੋਂ—ਭਾਈ ਮਦਨ ਸਿੰਘ ਜੀ, ਬਿਰਮਿੰਘਮ ਯੂ. ਕੇ.]

ਪਛਮੀ ਦੁਨੀਆ ਵਿਚ ਰਹਿੰਦਿਆਂ ਅਸਾਂ ਨਾਮ-ਧਰੀਕ ਸਿਖਾਂ ਉਤੇ ਉਪਰੋਕਤ ਗੁਰ-ਫੁਰਮਾਨ ਇੰਨ-ਬਿੰਨ ਢੁਕਦਾ ਹੈ। ਸਚਮੁਚ ਹੀ ਅਸੀਂ ਸ਼ਬਦ ਗੁਰੂ,ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਭੁਲਦੇ ਜਾਂ ਰਹੇ ਹਾਂ। ਯੂ.ਕੇ. ਵਿਚ ਬਹੁ-ਸੰਮਤੀ ਉਨ੍ਹਾਂ ਅਖੌਤੀ ਅਗੇ-ਵਧੂ ਸਿਖਾਂ ਦੀ ਹੈ ਜਿਹੜੇ ਸ਼ਰਾਬ-ਖ਼ਾਨਿਆਂ ਵਿਚ ਬੈਠਣ,ਸਿਗਰਟਾਂ ਪੀਣ, ਨਾਚ-ਘਰਾਂ ਵਿਚ ਜਾਣ ਅਤੇ ਵਿਸ਼ੇ-ਵਿਕਾਰਾਂ ਵਿਚ ਗ੍ਰਸੇ ਜਾ ਕੇ ਵੀ ਆਪਣੇ ਆਪ ਨੂੰ ਉਚ ਸਭਿਅਤਾ ਵਾਲੇ ਸਮਝਦੇ ਹਨ। ਅੰਗਰੇਜ਼ਾਂ ਦੀ ਨਕਲ ਕਰਨੀ ਵਡੀ ਸ਼ਾਨ ਸਮਝੀ ਬੈਠੇ ਹਨ। ਪਛਮੀ ਸਭਿਅਤਾ ਦੀ ਨਕਲ ਕਰ ਕੇ ਆਪਣੀ ਪਰੰਪਰਾ ਨੂੰ ਮਖੌਲ ਕਰਦੇ ਹਨ। ਬਹੁਤ ਸਾਰੇ ਭੁਲੜ ਵੀਰ ਸਿਖ ਮਰਯਾਦਾ ਦਾ ਮਖੌਲ ਉਡਾ ਕੇ ਗੋਰੇ ਲੋਕਾਂ ਵਿਚ ਵਡੇ ਹੋ ਹੋ ਬੈਠਦੇ ਹਨ।

ਪਰ East is East West is West, ਭਾਵ, ਪੂਰਬ ਦੀ ਸਭਿਅਤਾ ਪੂਰਬ ਹੀ ਰਹੇਗੀ ਅਤੇ ਪਛਮ ਦੀ ਸਭਿਅਤਾ ਪਛਮ ਹੀ ਰਹੇਗੀ। ਦੋਵੇਂ ਸਭਿਅਤਾਂ ਇਕ ਨਹੀਂ ਹੋ ਸਕਦੀਆਂ। ਗੁਰੂ ਪਾਤਸ਼ਾਹ ਦੀ ਦ੍ਰਿੜ੍ਹਾਈ ਮਰਯਾਦਾ ਵੀ ਜੁਗੋ ਜੁਗ ਅਟੱਲ ਹੈ ਤੇ ਰਹੇਗੀ।

ਯੂ. ਕੇ. ਵਿਚ ੧੯੬੦ ਵਿਚ ਤਾਂ ਕੋਈ ਵਿਰਲਾ ਵਿਰਲਾ ਹੀ ਸਾਬਤ ਸੂਰਤ ਨਜ਼ਰੀ ਪੈਂਦਾ ਸੀ। ਹੁਣ ਬੇਅੰਤ ਸਿੰਘ ਸਜਦੇ ਜਾ ਰਹੇ ਹਨ। ਪਰ ਦੀ ਅਣਹੋਂਦ ਹੈ। ਇਨ੍ਹਾਂ ਤੋਂ ਛੁੱਟ ਹੋਰ ਵੀ ਕਈ ਉਚ-ਕੋਟੀ ਦੇ 'ਗੁਮਨਾਮ' ਸਿਖ ਹੋਣਗੇ ਜਿਨ੍ਹਾਂ ਨੂੰ ਅਸੀਂ ਨਾਮ ਲੈ ਕੇ ਯਾਦ ਨਹੀਂ ਕਰ ਸਕਦੇ, ਪਰ ਜਿਨ੍ਹਾਂ ਦੀ ਯਾਦ ਆਤਮਕ ਤੌਰ ਤੇ ਅਸੀਂ ਨਿਤ ਤਾਜ਼ਾ ਕਰਦੇ ਹਾਂ ਜਦੋਂ ਅਸੀਂ ਅਰਦਾਸ ਵਿਚ ਜੁੜਦੇ ਹਾਂ ਤੇ ਕਹਿੰਦੇ ਹਾਂ: "ਜਿਨ੍ਹਾਂ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ, ਤੇਗ ਵਾਹੀ, ਵੇਖ ਕੇ ਅਣਡਿਠ ਕੀਤਾ, ਧਰਮ ਹੇਤ ਸੀਸ ਦਿਤੇ...।"

—'ਜੀਵਨ' ਚੋਂ, ਧੰਨਵਾਦ

ਦੁਖ ਦੀ ਗੱਲ ਇਹ ਹੈ ਅਜੇ ਵੀ ਉਨ੍ਹਾਂ ਨਕਲੀ ਨਵੇਂ ਬਣੇ ਵਲੈਤੀਆਂ ਦੀ ਬਹੁ-ਸੰਮਤੀ ਹੈ।

ਹੁਣ ਵਡੀ ਦਿਲ-ਕੰਬਾਊ ਗੱਲ ਇਹ ਹੈ ਕਿ ਅਨੰਦ-ਵਿਵਾਹ ਵਰਗੀ ਪਵਿਤਰ ਰਸਮ ਕਰਨ ਲਗੇ ਭੀ ਅਸੀਂ ਮਹਾਨ ਸ਼ਰਮਨਾਕ ਮਨਮਤਿ ਕਰਨੋਂ ਵੀ ਸੰਕੋਚ ਨਹੀਂ ਕਰਦੇ। ਯੂ. ਕੇ. ਵਿਚ ਸ਼ਰਾਬਾਂ ਪੀਣ ਵਾਸਤੇ ਵਡੀਆਂ ਵਡੀਆਂ ਬਣੀਆਂ ਬਿਲਡਿੰਗਾਂ ਹਨ। ਇਨ੍ਹਾਂ ਨੂੰ ਪਬਲਿਕ-ਬਾਰ ਤੇ ਛੋਟੇ ਨਾਮ ਨਾਲ ਪੱਬ ਆਖਦੇ ਹਨ। ਇਨ੍ਹਾਂ ਬਿਲਡਿੰਗਾਂ ਨਾਲ ਨਾਚ ਕਰਨ ਲਈ ਵਡੇ ਹਾਲ ਵੀ ਬਣੇ ਹੋਏ ਹਨ। ਪਛਮੀ ਸਭਿਅਤਾ ਦੇ ਨਕਲਈਏ ਇਨ੍ਹਾਂ ਕਲੱਬਾਂ ਵਿਚ ਸ਼ਰਾਬੀ ਹੋ ਹੋ ਨਾਚ ਕਰਦੇ ਹਨ ਅਤੇ ਬਕੜਵਾਹ ਬੋਲਦੇ ਹਨ। ਉਹ ਇਨ੍ਹਾਂ ਨਾਚ-ਘਰਾਂ ਵਿਚ ਮਨ-ਆਈਆਂ ਹੁਲੜ-ਬਾਜ਼ੀਆਂ ਕਰ ਸਕਦੇ ਹਨ। ਵਿਆਹ ਸ਼ਾਦੀ ਦੇ ਮੌਕੇ ਇਹੋ ਜਿਹੀਆਂ ਹੁਲੜ-ਬਾਜ਼ੀਆਂ ਕਰਨੀਆਂ ਜਾਇਜ਼ ਸਮਝਦੇ ਹਨ। ਇਸ ਲਈ ਅਨੰਦ-ਵਿਵਾਹ ਜਿਹੀ ਪਵਿਤਰ ਰਸਮ ਕਰਨ ਲਈ ਵੀ ਇਹ ਲੋਕ ਇਨ੍ਹਾਂ ਸ਼ਰਾਬ-ਖ਼ਾਨਿਆਂ ਵਿਚ ਬਣੇ ਵਡੇ ਹਾਲ ਕਮਰੇ ਕਰਾਏ ਤੇ ਲੈ ਲੈਂਦੇ ਹਨ। ਬਹੁਤ ਕਰਕੇ ਲੜਕੀ ਵਾਲਿਆਂ ਨੂੰ ਮਜਬੂਰਨ, ਬਰਾਤੀਆਂ ਨੂੰ ਖ਼ੁਸ਼ ਕਰਨ ਲਈ ਇਥੇ ਕਾਰਜ ਕਰਨਾ ਪੈਂਦਾ ਹੈ, ਕਿਉਂਕਿ ਇਸ ਥਾਂ ਮੀਟ ਤੇ ਸ਼ਰਾਬਾਂ ਉਡਾਣ ਦਾ ਪਰਬੰਧ ਸੁਖਾਲਾ ਹੋ ਸਕਦਾ ਹੈ।

ਵਡੇ ਦੁਖ ਦੀ ਗੱਲ ਤਾਂ ਇਹ ਹੈ ਕਿ ਇਹ ਲੋਕ ਪਰਤੱਖ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਵੀ ਇਹੋ ਜਿਹੀ ਭ੍ਰਿਸ਼ਟੀ ਜਗ੍ਹਾ ਤੇ ਕਰਦੇ ਹਨ। ਬਹੁਤ ਵੇਰਾਂ ਸੁਣਿਆ ਹੈ ਕਿ ਲਾੜਾ ਸ਼ਰਾਬ ਦੇ ਨਸ਼ੇ ਵਿਚ ਝੂਮਦਾ ਝਾਮਦਾ ਮਹਾਰਾਜ ਦੀ ਹਜ਼ੂਰੀ ਵਿਚ ਲਾਵਾਂ-ਫੇਰੇ ਲੈਂਦਾ ਹੈ। ਕਿੱਡਾ ਅਨਰਥ ਹੈ! ਕਿੱਡਾ ਪਾਪ ਹੈ!! ਪਰ ਸਾਡੇ ਇਹ ਵੀਰ ਇਹੋ ਜਿਹੇ ਵਿਆਹ ਕਰਾ ਕੇ ਫੋਕੀਆਂ ਟਾਹਰਾਂ ਮਾਰਦੇ ਥਕਦੇ ਨਹੀਂ ਤੇ ਆਪਣੇ ਆਪ ਨੂੰ ਗੁਰਮਤਿ ਦੇ ਅਨੁਆਈ ਸਮਝਦੇ



www.AKJ.Org

ਹਨ। ਪਰ ਇਨ੍ਹਾਂ ਆਪ-ਹੁਦਰਿਆਂ ਨੂੰ ਗੁਰਬਾਣੀ ਦੇ ਇਹ ਕੁਕਮ ਚੇਤੇ ਨਹੀਂ ਆਉਂਦੇ ?

ਜਿਤੁ ਪੀਤੈ ਮਤਿ ਦੂਰਿ ਹੋਇ
ਬਰਲ ਪਵੈ ਵਿਚਿ ਆਇ ॥
ਆਪਣਾ ਪਰਾਇਆ ਨ ਪਛਾਣਈ
ਖਸਮਹੁ ਧਕੇ ਖਾਇ ॥
ਜਿਤੁ ਪੀਤੈ ਖਸਮੁ ਵਿਸਰੈ
ਦਰਗਹ ਮਿਲੈ ਸਜਾਇ ॥
ਝੂਠਾ ਮਦੁ ਮੂਲਿ ਨ ਪੀਚਈ
ਜੇ ਕਾ ਪਾਰਿ ਵਸਾਇ ॥ (ਪੰਨਾ ੫੫੪)

ਅਤੇ—ਕਬੀਰ ਭਾਗ ਮਾਛੁਲੀ ਸੁਰਾ ਪਾਨਿ
ਜੋ ਜੋ ਪ੍ਰਾਨੀ ਖਾਂਹਿ ॥
ਤੀਰਥ ਬਰਤ ਨੇਮ ਕੀਏ ਤੇ
ਸਭੈ ਰਸਾਤਲਿ ਜਾਂਹਿ ॥੨੩੩॥
(ਪੰਨਾ ੧੩੭੭)

ਬੇਅੰਤ ਅਜਿਹ ਗੁਰ-ਹੁਕਮ ਹਨ, ਪਰ
ਅੰਧੇ ਏਕ ਨ ਲਾਗਈ
ਜਿਉ ਬਾਂਸ ਬਜਾਈਐ ਫੂਕ ॥ (੧੩੭੨)

ਜਿਸ ਦਾ ਫਲ-ਸਰੂਪ ਪਛਮੀ ਸਭਿਅਤਾ ਦੇ ਅਸਰ ਕਾਰਨ ਇਹ ਮਨਮਤੀ ਸ਼ਾਦੀਆਂ ਸ਼ੋਕਮਈ ਤਲਾਕਾਂ ਵਿਚ ਤਲਮਲਾ ਰਹੀਆਂ ਹਨ।

ਜਦ ਅਸੀਂ ਆਪਣੇ ਗੁਰਦੇਵ ਸਤਿਗੁਰੂ ਦਾ ਸਤਿਕਾਰ ਹੀ ਨਹੀਂ ਕਰਦੇ ਅਤੇ ਮਨਮਤੀ ਵਿਆਹ ਕਰਦੇ ਹਾਂ ਤਾਂ ਗੁਰੂ ਕਿਵੇਂ ਸਹਾਈ ਹੋਵੇ ? ਇਸ ਵੇਲੇ ਤਾਂ ਸਮੁਚੀ ਪਨੀਰੀ ਹੀ ਆਨ-ਮਤੀ ਰੀਤਾਂ ਵਿਚ ਰੁੜ੍ਹੀ ਜਾ ਰਹੀ ਹੈ।

ਜ਼ਿਮੇਵਾਰ ਕੌਣ ? ਕੀ ਦੇਸ ਤੇ ਕੀ ਬਦੇਸ, ਸਾਡੇ ਬਹੁਤੇ ਪਰਚਾਰਕਾਂ, ਧਾਰਮਕ ਆਗੂਆਂ ਅਥਵਾ ਲੀਡਰਾਂ ਦਾ ਆਪਣਾ ਕੋਈ ਜੀਵਨ ਹੀ ਨਹੀਂ। ਬਹੁਤੇ ਪਰਚਾਰਕ ਰੋਟੀਆਂ ਕਾਰਨ ਹੀ ਤਾਲ ਪੂਰਦੇ ਹਨ। ਜਾਂ ਫਿਰ, ਬੱਲੇ ਬੱਲੇ ਦੀ ਝੂਠੀ ਤੇ ਫੋਕੀ ਸ਼ਾਨ ਖਾਤਰ ਗੁਰਮਤਿ ਦੇ ਮੁਢਲੇ ਅਸੂਲਾਂ ਨੂੰ ਛਿੱਕੇ ਟੰਗ ਕੇ ਨਵੀਆਂ ਨਵੀਆਂ ਮਰਯਾਦਾਂ ਤੋਰੀਆਂ ਜਾ ਰਹੀਆਂ ਹਨ। ਇੰਗਲੈਂਡ ਵਿਚ ਇਸ ਵੇਲੇ ਡੇਢ ਸੌ ਗੁਰਦੁਆਰੇ ਹਨ; ਜਿਨ੍ਹਾਂ ਦੇ ਨਾਲ ਵਡੇ ਵਡੇ ਹਾਲ ਮੌਜੂਦ ਹਨ। ਇਨ੍ਹਾਂ ਵਿਚ ਅਨੰਦ-ਵਿਆਹ ਐਨ ਗੁਰਮਤਿ ਆਸ਼ੇ ਅਨੁਸਾਰ ਹੋ ਸਕਦੇ ਹਨ। ਲੰਗਰ-ਅਸਥਾਨ ਹਰੇਕ ਗੁਰਦੁਆਰੇ ਨਾਲ ਹੈ। ਆਈ ਬਰਾਤ ਦੀ ਸੇਵਾ ਸੰਭਾਲ ਦਾ ਪਰਬੰਧ ਪੂਰੀ ਤਰ੍ਹਾਂ ਕੀਤਾ ਜਾ ਸਕਦਾ ਹੈ। ਫਿਰ ਕਿਉਂ ਸ਼ਰਾਬ-ਖ਼ਾਨਿਆਂ ਦੀ ਓਟ ਲਈ ਜਾਵੇ ? ਕੇਵਲ ਇਸ ਲਈ ਕਿ ਗੁਰਦੁਆਰਿਆਂ ਵਿਚ ਸ਼ਰਾਬਾਂ ਦੇ ਦੌਰ ਚਲਾਉਣ ਦੀਆਂ ਸਹੂਲਤਾਂ ਨਹੀਂ ਹੋ ਸਕਦੀਆਂ ? ਇਸ ਲਈ ਬਰਾਤੀ ਗੁਰਦੁਆਰੇ ਦੀ ਬਜਾਏ ਨਾਚ-ਘਰਾਂ, ਕਲੱਬਾਂ ਤੇ ਪੱਬਾਂ ਵਿਚ ਹੀ ਅਨੰਦ-ਰਸਮ ਦਾ ਢੰਗ ਰਚਵਾਉਂਦੇ ਹਨ, ਜਿਥੇ ਸਾਡੇ ਰਾਗੀ, ਢਾਡੀ ਪਰਚਾਰਕ ਅਤੇ ਗੁਰੂ ਕੇ ਟਹਿਲੀਏ ਅਖਵਉਣ ਵਾਲੇ, ਮਹਾਰਾਜ ਦਾ ਪ੍ਰਕਾਸ਼ ਕਰ ਕੇ ਧੋਤਿਆਂ ਪੁਤੇਤਿਆਂ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਹਨ।

ਗੁਰਬਾਣੀ ਵਿਚ ਸਤਿਗੁਰੂ ਜੀ ਨੇ ਸਾਡੀ ਅਜਿਹੀ ਦਸ਼ਾ ਦਾ ਹੀ ਨਕਸ਼ਾ ਖਿਚਿਆ ਹੋਇਆ ਹੈ—

ਗਲੀ ਅਸੀ ਚੰਗੀਆ, ਆਚਾਰੀ ਬੁਰੀਆਹ ॥
ਮਨਹੁ ਕੁਸੁਧਾ ਕਾਲੀਆ, ਬਾਹਰਿ ਚਿਟਵੀਆਹ ॥
ਰੀਸਾ ਕਰਹਿ ਤਿਨਾੜੀਆਂ, ਜੋ ਸੇਵਹਿ ਦਰੁ ਖੜੀਆਹ॥

ਜੁਗੋ ਜੁਗ ਅਟੱਲ ਸਤਿਗੁਰੂ ਪਾਤਸ਼ਾਹ ! ਆਪਣੀ ਕਲਾ ਵਰਤਾ ਕੇ ਸਾਨੂੰ ਇਸ ਕੁਰਹਿਣੀ ਤੋਂ ਬਚਾਓ ਅਤੇ ਆਪਣੇ ਪਵਿਤਰ ਸਰੂਪ ਦਾ ਪੂਰਨ ਸਤਿਕਾਰ ਕਰਨ ਦੀ ਸੋਝੀ ਬਖਸ਼ੋ ਜੀ। ਗੁਰਦੁਆਰਿਆਂ ਦੇ ਪਰਬੰਧਕਾਂ, ਸਿਖ ਸੰਸਥਾਵਾਂ ਦੇ ਮੋਢੀਆਂ ਅਤੇ ਰਾਗੀਆਂ ਪਰਚਾਰਕਾਂ ਅਗੇ ਨਿਮਰਤਾ ਸਹਿਤ ਜੋਦੜੀ ਹੈ ਕਿ ਕੌਮ ਨੂੰ ਇਸ ਨਿਘਰਦੀ ਦਸ਼ਾ ਤੋਂ ਬਚਾਓ।

"ਸਤਿਗੁਰੁ ਦੇਉ ਪਰਤਖਿ ਹਰਿ ਮੂਰਤਿ ਜੋ ਅੰਮ੍ਰਿਤ ਬਚਨ ਸੁਣਾਵੈ" ਐਸੇ ਸਤਿਗੁਰਾਂ ਦੇ ਚਰਨਾਂ ਵਿਚ ਨਿਰਮਾਣ ਹੋ ਕੇ ਪੂਰਨ ਭੈ-ਭਾਵਨੀ ਵਿਚ ਚਿਤ ਲਾਵਾਂਗੇ ਤਾਂ ਹੀ ਸਹੀ ਅਰਥਾਂ ਵਿਚ ਸਤਿਗੁਰੂ ਦੀ ਦ੍ਰਿੜ੍ਹਾਈ ਗੁਰਮਤਿ ਮਰਯਾਦਾ ਉਤੇ ਅਸੀਂ ਚਲ ਸਕਾਂਗੇ।

—o—



www.AKJ.Org

# ਸ਼ੋਸ਼ੇ ਨਾ ਛਡੀਏ—ਅਸਲੀਅਤ ਵਲ ਆਈਏ

"ਖਾਲਸਾ ਸਮਾਚਾਰ" ੮ ਮਈ ੮੦ ਦੇ ਪਰਚੇ ਵਿਚ "ਸ੍ਰੀ ਗੁਰੂ ਗ੍ਰੰਥ ਬਾਣੀ ਵਿਚ ਹਸਤਾਖੇਪ" ਹੈਡਿੰਗ ਹੇਠ ਤੀਜਾ ਸੰਪਾਦਕੀ ਨੋਟ ਛਪਿਆ ਵੇਖ ਕੇ ਹੈਰਾਨੀ ਹੋ ਰਹੀ ਹੈ ਕਿ ਕੀ ਇਸ ਲੇਖ ਦਾ ਮੰਤਵ ਕੌਮ ਨੂੰ ਸਹੀ ਸੇਧ ਦੇਣਾ ਹੈ ਜਾਂ ਸੰਗਤਾਂ ਨੂੰ ਭੁਲੇਖਿਆਂ ਵਿਚ ਪਾਉਣਾ ਹੈ ? ਇਸ ਅੰਕ ਵਿਚ ਲਿਖਿਆ ਗਿਆ ਹੈ—

"ਜਿਥੋਂ ਤਕ ਸਾਨੂੰ ਪਤਾ ਹੈ ਸਰਦਾਰ ਜੋਗਿੰਦਰ ਸਿੰਘ ਜੀ ਜਾਗਤ-ਜੋਤਿ ਇਸ਼ਟ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਭੈ-ਭਾਉ ਵਾਲੇ ਸਜਣ ਹਨ, ਜੋ ਕਿਸੇ ਅਨੁਚਿਤ ਖਿਆਲ ਹੇਠ ਉਨ੍ਹਾਂ ਪਾਸੋਂ ਇਹ ਭੁਲ ਹੋ ਗਈ ਹੈ, ਇਸ ਨੂੰ ਕੋਈ ਹਾਰ ਜਿਤ ਦਾ ਮਾਮਲਾ ਨਹੀਂ ਸਮਝਣਗੇ ਸਗੋਂ ਉਸ ਭੁੱਲ ਦਾ ਤਿਆਗ ਕਰਕੇ ਅਗੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਹੀ ਨੌਵੇਂ ਪਾਤਸ਼ਾਹ ਜੀ ਦੀ ਬਾਣੀ ਦਾ ਪਾਠ ਮੁਖ ਰਖ ਕੇ ਆਪਣਾ ਟੀਕਾ ਛਪਵਾਉਣਗੇ, ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜੋ ਪੰਚਮ ਪਾਤਸ਼ਾਹ ਤੇ ਦਸਮ ਪਾਤਸ਼ਾਹ ਜੀ ਦੀ ਲਿਖਣ-ਸ਼ੈਲੀ ਚਲ ਰਹੀ ਹੈ, ਉਸ ਵਿਚ ਅਦਲਾ-ਬਦਲੀਆਂ ਕਰ ਕੇ ਕੋਈ ਬੀ ਹਸਤੀ ਉਸ ਨੂੰ ਇਕ ਸਮਾਨ ਨਹੀਂ ਕਰ ਸਕਦੀ।"

ਇਹੋ ਗੱਲ ਤਾਂ ਭਾਈ ਜੋਗਿੰਦਰ ਸਿੰਘ ਜੀ ਪੁਕਾਰ ਪੁਕਾਰ ਕੇ ਕਹਿ ਰਹੇ ਹਨ ਕਿ ਕਿਸੇ ਵੀ ਵਿਅਕਤੀ ਵਲੋਂ ਬਾਣੀ ਵਿਚ ਕਿਸੇ ਕਿਸਮ ਦੀ ਤਬਦੀਲੀ ਕੀਤੇ ਜਾਣਾ ਕੁਫ਼ਰ ਹੈ। ਭਾਈ ਸਾਹਿਬ ਦੇ ਇਹ ਖ਼ਿਆਲ ਹੁੰਦਿਆਂ ਹੋਇਆਂ ਫਿਰ "ਖਾਲਸਾ ਸਮਾਚਾਰ" ਕਿਵੇਂ ਉਨ੍ਹਾਂ ਤੇ ਦੋਸ਼ ਲਾ ਕੇ ਸੰਗਤਾਂ ਨੂੰ ਟਪਲੇ ਵਿਚ ਪਾ ਰਿਹਾ ਹੈ ?

ਸਪੱਸ਼ਟ ਤੇ ਪ੍ਰਗਟ ਪਹਾਰੇ ਇਹ ਗੱਲ ਸਾਹਮਣੇ ਹੈ ਕਿ ਇਸ ਵੇਲੇ ਵਖ ਵਖ ਸੰਸਥਾਵਾਂ ਅਤੇ ਦੁਕਾਨਦਾਰਾਂ ਵਲੋਂ ਛਾਪੇ ਜਾ ਰਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਵਿਚ, ਗੁਟਕਿਆਂ ਵਿਚ ਅਤੇ ਟੀਕਿਆਂ ਵਿਚ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਬੇਅੰਤ ਫ਼ਰਕਾਂ ਨਾਲ ਛਾਪੀ ਜਾ ਰਹੀ ਹੈ। ਇਸ ਦਾ ਪੂਰਾ ਵੇਰਵਾ ਮਈ ੮੦ ਦੇ 'ਸੂਰਾ' ਵਿਚ ਦਿਤਾ ਜਾ ਚੁਕਾ ਹੈ। ਕੀ "ਖ਼ਾਲਸਾ ਸਮਾਚਾਰ" ਦੇ ਸੁਹਿਰਦ ਸੰਪਾਦਕ ਜੀ ਚਾਹੁੰਦੇ ਹਨ ਕਿ ਜੋ ਕਿਸੇ ਦਾ ਜੀਅ ਕਰੇ, ਛਾਪੀ ਜਾਏ ? ਕੀ ਸਭ ਥਾਈਂ ਬਾਣੀ ਇਕ-ਸਾਰ ਰੂਪ ਵਿਚ ਛਾਪੇ ਜਾਣ ਦੀ ਲੋੜ ਹੈ ਜਾਂ ਨਹੀਂ ? ਫਿਰ ਸੁਆਲ ਪੈਦਾ ਹੁੰਦਾ ਹੈ ਕਿ ਜੋ ਛਾਪੇ ਦੀਆਂ ਬੀੜਾਂ ਇਸ ਵੇਲੇ ਛਪ ਰਹੀਆਂ ਹਨ ਉਨ੍ਹਾਂ ਵਿਚੋਂ ਕਿਹੜੇ ਸਰੂਪ ਨੂੰ ਆਧਾਰ ਮੰਨ ਕੇ, ਬਾਣੀ ਨੂੰ ਇਕ-ਸਾਰ ਕੀਤਾ ਜਾਵੇ ? ਕੀ ਇਸ ਬਾਰੇ ਕੋਈ ਫ਼ੈਸਲਾ ਆਪਣੇ ਆਪ ਹੀ ਕੀਤਾ ਜਾ ਸਕਦਾ ਹੈ ਜਾਂ ਸਮੂਚੇ ਤੌਰ ਤੇ ਕਿਸੇ ਪੰਥਕ ਫ਼ੈਸਲੇ ਦੀ ਲੋੜ ਹੈ ? ਇਸ ਸੰਬੰਧੀ ਕੋਈ ਦੋ ਰਾਵਾਂ ਨਹੀਂ ਕਿ ਇਸ ਮਸਲੇ ਉਤੇ ਪੰਥਕ ਫ਼ੈਸਲਾ ਲਏ ਜਾਣ ਦੀ ਲੋੜ ਹੈ ਅਤੇ ਜੋ ਫ਼ੈਸਲਾ ਹੋ ਜਾਏ, ਉਸ ਅਨੁਸਾਰ ਵਖ ਵਖ ਥਾਵਾਂ ਤੋਂ ਛਪ ਰਹੇ ਸਭ ਸਰੂਪਾਂ ਵਿਚ, ਸ਼ਬਦਾਰਥ ਵਿਚ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪ੍ਰੋ: ਸਾਹਿਬ ਸਿੰਘ ਜੀ) ਵਿਚ, ਸਬਜਾ ਪੋਥੀਆਂ (ਭਾ: ਸਾ: ਵੀਰ ਸਿੰਘ ਜੀ) ਵਿਚ ਅਤੇ ਗੁਟਕਿਆਂ ਵਿਚ ਛਪ ਰਹੀ ਬਾਣੀ ਨੂੰ ਇਕ ਸਾਰ ਕਰ ਲਿਆ ਜਾਵੇ। ਪਰ ਇਹ ਕੁਝ ਤਾਂ ਹੀ ਸੰਭਵ ਹੋ ਸਕਦਾ ਹੈ, ਜੇਕਰ ਪੰਥ ਦੇ ਸਾਰੇ ਵਰਗ ਪੂਰੀ ਜ਼ਿਮੇਵਾਹੀ, ਸਹਿਚਾਰ, ਪਰਸਪਰ ਭਰੋਸੇ ਦੀ ਰੁਚੀ ਅਪਣਾ ਕੇ, ਧੀਰਜ ਨਾਲ ਵਿਚਾਰ-ਵਟਾਂਦਰਾ ਕਰਨ।

ਭਾਈ ਜੋਗਿੰਦਰ ਸਿੰਘ ਜੀ ੧੯੭੬ ਤੋਂ ਇਹੋ ਕੂਕ ਰਹੇ ਹਨ ਕਿ ਬਾਣੀ ਦੇ ਲਗ-ਮਾਤ੍ਰੀ ਫ਼ਰਕਾਂ ਵਾਲੇ ਜੋ ਭਿੰਨ ਭਿੰਨ ਪਾਠ ਛਪ ਰਹੇ ਹਨ, ਇਹ ਹਾਨੀਕਾਰਕ ਪ੍ਰਪਾਟੀ ਹੈ। ਭਾਈ ਸਾਹਿਬ ਨੇ ਵਿਚਾਰ-ਅਧੀਨ ਪੁਸਤਕ ਵਿਚ ਵੀ ਏਸੇ ਗੱਲ ਤੇ ਜ਼ੋਰ ਦਿਤਾ ਸੀ ਕਿ ਬਾਣੀ ਵਿਚ ਛਪ ਰਹੇ ਇਨ੍ਹਾਂ ਵਖ ਵਖ ਭੇਦਾਂ ਵਲ ਪੰਥਕ



www.AKJ.Org

ਤੌਰ ਤੇ ਧਿਆਨ ਦੇਣ ਅਤੇ ਇਕ-ਸਾਰਤਾ ਲਿਆਉਣ ਦੀ ਫੌਰੀ ਲੋੜ ਹੈ।

"ਬਾਣੀ ਵਿਚ ਸੈਂਕੜੇ ਤਬਦੀਲੀਆਂ ਕਰ ਦੇਣ" ਦਾ ਅਰੋਪ ਭਾਈ ਜੋਗਿੰਦਰ ਸਿੰਘ ਜੀ ਤੇ ਲਾ ਕੇ ਅਜਾਈਂ ਵਾਵੇਲਾ ਪਾਈ ਜਾਣਾ ਬਿਲਕੁਲ ਨਿਰਮੂਲ ਹੈ। ਕੀ ਭਾਈ ਸਾਹਿਬ ਨੇ ਆਪਣੇ ਕੋਲੋਂ ਕੋਈ ਤਬਦੀਲੀਆਂ ਕਰ ਦਿਤੀਆਂ ਹਨ ਜਾਂ ਬਾਣੀ ਦੇ ਇਨ੍ਹਾਂ ਛਪੇ ਸੈਂਚਿਆਂ ਤੋਂ ਅਤੇ ਪ੍ਰਮਾਣੀਕ ਹੱਥ-ਲਿਖਤ ਬੀੜਾਂ ਦੇ ਅਧਾਰ ਤੇ ਇਹ ਪਾਠ ਛਾਪੇ ਹਨ ? ਗਹੁ ਨਾਲ ਵਿਚਾਰ ਕੇ ਇਹ ਸਪਸ਼ਟ ਹੋ ਜਾਏਗਾ ਕਿ ਗੁਰਬਾਣੀ ਦੀ ਲਗ-ਮਾਤ੍ਰੀ ਨਿਯਮਾਵਲੀ ਅਨੁਸਾਰ ਪਾਠਾਂ ਦੇ ਸ਼ੁਧ ਸਰੂਪ ਜੋ ਲਿਖਤੀ ਬੀੜਾਂ ਵਿਚ ਮਿਲੇ ਹਨ ਅਤੇ ਪਹਿਲਾਂ ਹੀ ਸੈਂਚਿਆਂ ਅਤੇ ਟੀਕਿਆਂ ਵਿਚ ਛਪਦੇ ਆ ਰਹੇ ਹਨ, ਉਹ ਉਨ੍ਹਾਂ ਨੇ ਦੇ ਦਿਤੇ ਹਨ ਅਤੇ ਨਾਲ ਹੀ ਪਿਉ ਦਾਦੇ ਦੇ ਇਸ ਅਮੋਲਕ ਵਿਰਸੇ ਦੇ ਸਾਂਝੀਵਾਲ ਵਾਰਸ ਸਮੁਚੇ ਪੰਥ ਦੇ ਗੁਰਸਿਖ ਵੀਰਾਂ ਅਗੇ ਬੇਨਤੀ ਕੀਤੀ ਹੈ ਕਿ "**ਇਸ ਨੂੰ ਜਿਥੇ ਨਿਜੀ ਤੌਰ ਤੇ ਵਿਚਾਰਨ ਅਤੇ ਘੋਖਣ ਦੀ ਲੋੜ ਹੈ ਉਥੇ ਪੰਥਕ ਤੌਰ ਤੇ ਵਿਚਾਰਨ ਅਤੇ ਪੰਥ-ਪ੍ਰਮਾਣਿਤ ਰੂਪ ਨਿਰਣੈ ਕਰਨ ਦੀ ਅਤੀਅੰਤ ਲੋੜ ਹੈ।**"

ਚਾਰ ਸਾਲਾਂ ਤੋਂ ਇਹ ਜੋਦੜੀਆਂ ਕੀਤੇ ਜਾਣ ਦੇ ਬਾਵਜੂਦ ਵੀ ਸਾਡੇ ਵੀਰ ਅੱਖਾਂ ਮੀਟ ਕੇ ਸੌਂ ਰਹੇ ਹਨ। ਅੱਜ ਜੇ ਕਿਸੇ ਵੀਰ ਨੂੰ ਜਾਗ ਆਈ ਵੀ ਹੈ ਤਾਂ ਅਸਲੀਅਤ ਵਲ ਆਉਣ ਦੀ ਥਾਂ ਉਲਟਾ ਸ਼ੋਸ਼ੇ-ਬਾਜ਼ੀ ਤੋਂ ਕੰਮ ਲਿਆ ਜਾ ਰਿਹਾ ਹੈ ਤੇ ਗ਼ਲਤ ਰੰਗ ਦੇ ਕੇ ਸੰਗਤਾਂ ਦੇ ਜਜ਼ਬਾਤ ਨੂੰ ਭੜਕਾਇਆ ਜਾ ਰਿਹਾ ਹੈ ਕਿ ਬਾਣੀ ਵਿਚ ਅਦਲਾ ਬਦਲੀ ਕੀਤੀ ਜਾ ਰਹੀ ਹੈ। ਅਜਿਹੇ ਟਪਲੇ ਪਾਣੇ ਅਤੇ ਸ਼ੋਸ਼ੇ ਛਡਣੇ ਕਿਸੇ ਤਰ੍ਹਾਂ ਵੀ ਗੁਣਕਾਰੀ ਸਾਬਤ ਨਹੀਂ ਹੋ ਸਕਦੇ। ਅਸਲੀਅਤ ਨੂੰ ਸਮਝਣ ਅਤੇ ਇਸ ਮਸਲੇ ਦਾ ਯੋਗ ਉਪਾਅ ਕੀਤਾ ਜਾਣਾ ਹੀ ਗੁਣਕਾਰੀ ਹੋ ਸਕਦਾ ਹੈ।

ਸੋ ਗੁਰਸਿਖ ਵੀਰੋ ! ਗੁਰੂ ਕੇ ਲਾਲੋ !! ਗੁਰੂ ਕੇ ਸਚਿਆਰ ਸਿਖੋ !!! ਆਓ, ਜੇ ਸਚਮੁਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਦਬ ਸਤਿਕਾਰ ਦੇ ਅਸੀਂ ਸਾਰੇ ਮੁਦਈ ਹਾਂ ਤਾਂ ਰਲ ਮਿਲ ਕੇ ਹੰਭਲਾ ਮਾਰੀਏ, ਤਾਂ ਜੁ ਪੰਥਕ ਤੌਰ ਤੇ ਐਸਾ ਉਪਾਅ ਕੀਤਾ ਜਾਏ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਖ ਵਖ ਸਰੂਪਾਂ ਵਿਚ ਜੋ ਭਿੰਨ ਭਿੰਨ ਫ਼ਰਕਾਂ ਨਾਲ ਗੁਰਬਾਣੀ ਛਪ ਰਹੀ ਹੈ, ਇਨ੍ਹਾਂ ਫ਼ਰਕਾਂ ਨੂੰ ਦੂਰ ਕਰ ਕੇ ਇਕ-ਸਾਰ ਰੂਪ ਵਿਚ ਛਾਪਿਆ ਜਾਵੇ। ਇਸੇ ਵਿਚ ਹੀ ਪੰਥ ਦਾ ਭਲਾ ਹੈ ਅਤੇ ਚੜ੍ਹਦੀ ਕਲਾ ਹੈ। ਸਹੀ ਅਰਥਾਂ ਵਿਚ ਇਹੀ ਗੁਰੂ ਕੀ ਸੇਵਾ ਹੈ।

( ੨ )

"ਖਾਲਸਾ ਸਮਚਾਰ" ਦੇ ਇਸੇ ਲੇਖ ਵਿਚ ਦੂਜੀ ਗੱਲ ਇਹ ਛਪੀ ਹੈ :—

"ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਮਾਸਕ ਪੱਤ੍ਰ ਪਾਠ ਬੋਧ ਅੰਕ (ਭਾਗ ਦੂਜਾ) ਦੇ ਪੰਨੇ ਦੋ ਤੇ ਗਿ: ਗੁਰਦਿਤ ਸਿੰਘ ਜੀ ਲਿਖਦੇ ਹਨ ਕਿ ਬਹੁਤ ਸਾਰੇ ਅਜੇਹੇ ਸ਼ਬਦ ਵੀ ਹਨ, ਜਿਨ੍ਹਾਂ ਨੂੰ ਜਿਵੇਂ ਲਿਖਿਆ ਹੈ ਇਸੇ ਤਰ੍ਹਾਂ ਪੜ੍ਹਿਆ ਜਾਵੇ ਤਾਂ ਅਰਥ ਨਹੀਂ ਸਗੋਂ ਅਨਰਥ ਬਣਦੇ ਹਨ।"

ਅਗੇ ਉਦਾਹਰਣ ਵਜੋਂ ਜੋ ਗੁਰਬਾਣੀ ਦੀ ਤੁਕ ਗਿਆਨੀ ਜੀ ਨੇ ਦਿਤੀ ਹੈ ਉਸ ਵਿਚ ਪਰੂਫ-ਰੀਡਿੰਗ ਵਿਚ ਅਤਿ ਦਰਜੇ ਦੀਆਂ ਗ਼ਲਤੀਆਂ ਹਨ, ਜੋ ਬਹੁਤ ਮਾੜੀ ਗੱਲ ਹੈ। ਗੁਰਬਾਣੀ ਛਾਪਣ ਲਗਿਆਂ ਪੂਰੀ ਸੁਧਾਈ ਕਰ ਕੇ ਛਾਪਣਾ ਅਤੀ ਜ਼ਰੂਰੀ ਹੈ। ਸਹੀ ਰੂਪ ਵਿਚ ਇਹ ਤੁਕ ਇਉਂ ਹੈ—

"ਚੰਗਿਆਈਂ ਆਲਕੁ ਕਰੇ ਬੁਰਿਆਈ ਹੋਇ ਸੇਰੁ ॥ (੫੧੮)

ਇਸ ਤੁਕ ਨੂੰ ਦੇਣ ਦਾ ਪ੍ਰਯੋਜਨ ਗਿ: ਗੁਰਦਿਤ ਸਿੰਘ ਜੀ ਦੇ ਅਗਲੇ ਵਾਕ ਵਿਚੋਂ ਸਪੱਸ਼ਟ ਹੋ ਜਾਂਦਾ ਹੈ, ਜੋ ਇਉਂ ਹੈ—

"ਵਾਕ ਦੇ ਅੰਤ ਵਿਚ ਸ਼ਬਦ 'ਸ਼ੇਰ' ਪੜ੍ਹਿਆ ਜਾਵੇ ਤਾਂ ਅਰਥ ਠੀਕ ਹੁੰਦਾ ਹੈ ਅਤੇ ਦੂਜੀ ਤਰ੍ਹਾਂ 'ਸੇਰ' ਪੜ੍ਹਨਾ ਗ਼ਲਤ ਹੋ ਜਾਂਦਾ ਹੈ।"



www.AKJ.Org

ਇਹ ਸਮਾਗਮ "ਪਾਠ ਬੋਧ ਸਮਾਗਮ" ਸੀ । ਇਸ ਦਾ ਪ੍ਰਯੋਜਨ ਕੇਵਲ ਇਹ ਸੀ ਕਿ ਗਰਬਾਣੀ ਦਾ ਪਾਠ ਕਰਦਿਆਂ ਸ਼ਬਦਾਂ ਦਾ ਉਚਾਰਨ ਕਿਵੇਂ ਕਰਨਾ ਹੈ, ਕਿਥੇ ਬਿੰਦੇ ਸਮੇਤ ਉਚਾਰਨਾ ਹੈ ਅਤੇ ਕਿਥੇ ਬਿੰਦੇ ਤੋਂ ਬਿਨਾਂ । ਜਿਵੇਂ ਕਿ ਉਪਰਲੀ ਉਦਾਹਰਣ ਵਿਚ 'ਸ਼ੇਰ' ਤੇ 'ਸੇਰ' ਦਾ ਫ਼ਰਕ ਹੈ । ਇਹ ਪੈਰ-ਬਿੰਦੀ ਕੇਵਲ ਉਚਾਰਨ ਵੇਲੇ ਹੀ ਉਚਾਰਨੀ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਛਾਪੇ ਵਿਚ ਲਗਾਉਣੀ ਨਹੀਂ । ਇਸੇ ਤਰ੍ਹਾਂ ਹੋਰ ਉਚਾਰਨ ਵਿਚ ਵੀ ਬਿੰਦੀ ਅਤੇ ਅੱਧਕ ਕੇਵਲ ਉਚਾਰਨ ਵਿਚ ਹੀ ਆਉਣੇ ਹਨ । ਬੀੜ ਵਿਚ ਦਰਜ ਨਹੀਂ ਕੀਤੇ ਜਾਣੇ । ਉਚਾਰਨ ਬਾਰੇ ਜੋ ਸੁਝਾਅ ਪਾਠ ਬੋਧ ਸਮਾਗਮ ਵਿਚ ਪੇਸ਼ ਕੀਤੇ ਗਏ ਉਸ ਬਾਰੇ ਅੰਤਮ ਫ਼ੈਸਲਾ ਵੀ ਤਾਂ ਪੰਥ ਨੇ ਹੀ ਕਰਨਾ ਹੈ ਕਿ ਬਾਣੀ ਦੇ ਪਾਠ ਦਾ ਉਚਾਰਨ ਕਿਹੜਾ ਠੀਕ ਹੈ ਤੇ ਕਿਹੜਾ ਠੀਕ ਨਹੀਂ ।

"ਖ਼ਾਲਸਾ ਸਮਾਚਾਰ" ਨੇ ਇਸ "ਪਾਠ-ਬੋਧ ਸਮਾਗਮ" ਸਮੇਂ ਛਪੇ "ਪਾਠ-ਬੋਧ ਅੰਕ" ਦਾ ਅਸਲ ਨਿਸ਼ਾਨਾ ਤਾਂ ਛਡ ਦਿਤਾ ਅਤੇ ਇਸ ਗੱਲ ਤੇ ਵਧੇਰੇ ਜ਼ੋਰ ਦਿਤਾ ਹੈ ਕਿ ਗਿ: ਗੁਰਦਿਤ ਸਿੰਘ ਜੀ ਨੇ ਤੁਕ ਵਿਚ 'ਆਲਕੁ' ਸ਼ਬਦ ਨੂੰ ਬਦਲ ਕੇ "ਮਾਲਕ" ਕਰ ਦਿਤਾ ਹੈ । ਅਤੇ 'ਆਲਕੁ' ਸ਼ਬਦ ਨੂੰ ਸਹੀ ਦਸਣ ਲਈ ਕਈ ਪ੍ਰਮਾਣ ਦਿਤੇ ਹਨ । ਇਹ "ਪਾਠ ਬੋਧ ਅੰਕ" ਵਿਚਾਰ ਕਰਨ ਤੇ ਸਾਫ਼ ਪਤਾ ਲਗਦਾ ਹੈ ਕਿ ਗਿਆਨੀ ਜੀ ਤਾਂ ਪੈਰ-ਬਿੰਦੀ ਦੇ ਉਚਾਰਨ ਦੀ ਗੱਲ ਕਰਦਿਆਂ ਲਿਖ ਰਹੇ ਹਨ ਕਿ 'ਸੇਰ' ਨੂੰ 'ਸ਼ੇਰ' ਪੜ੍ਹਨਾ ਹੈ । ਤੁਕ ਨੂੰ ਬਦਲਣ ਦਾ ਕਿਸੇ ਦਾ ਪ੍ਰਯੋਜਨ ਉਥੇ ਨਹੀਂ । ਹਾਂ ਛਪਵਾਈ ਵਲੋਂ ਅਨਗਹਿਲੀ ਅਤੇ ਗ਼ਲਤੀਆਂ ਛਪ ਜਾਣ ਦੇ ਗਿਆਨੀ ਜੀ ਵੀ ਜ਼ਿਮੇਂਵਾਰ ਹਨ ਅਤੇ ਉਨ੍ਹਾਂ ਦਾ ਫ਼ਰਜ਼ ਬਣਦਾ ਹੈ ਕਿ ਉਹ ਆਪਣੇ ਪਰੂਫ-ਰੀਡਰ ਨੂੰ ਤਾੜਨਾ ਕਰਨ ਕਿ ਗੁਰਬਾਣੀ ਵਿਚ ਅਜਿਹੀਆਂ ਅਸ਼ੁਧੀਆਂ ਨਹੀਂ ਛਪਣੀਆਂ ਚਾਹੀਦੀਆਂ ।

ਪਰ ਟਿਪਣੀ ਕਰਨ ਲਗਿਆਂ 'ਖ਼ਾਲਸਾ ਸਮਾਚਾਰ' ਨੂੰ ਵੀ ਚਾਹੀਦਾ ਹੈ ਕਿ ਪਤਰ-ਕਾਰੀ ਦੇ ਨਿਯਮਾਂ ਅਨੁਸਾਰ ਅਲੋਚਨਾ ਕਰਨ ਵਿਚ ਈਮਾਨਦਾਰੀ ਵਰਤੀ ਜਾਵੇ । ਪਰੂਫ ਰੀਡਿੰਗ ਦੀਆਂ ਗਲਤੀਆਂ ਦੀ ਖਿਚ-ਧੂਅ ਵਿਚ ਅਸਲੀ ਮਸਲੇ ਨੂੰ ਗਲਤ ਮਲਤ ਕਰਨਾ ਇਸ ਬੁਨਿਆਦੀ ਮਸਲੇ ਨਾਲ ਬੇਇਨਸਾਫ਼ੀ ਕਰਨੀ ਹੈ ।

ਅੰਤ ਵਿਚ ਫਿਰ ਪੰਥਕ-ਏਕਤਾ ਦਾ ਵਾਸਤਾ ਪਾ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਗੰਭੀਰ ਮਸਲੇ ਸੰਬੰਧੀ ਪਰਸਪਰ-ਭਰੋਸੇ ਅਤੇ ਸਹਿਚਾਰ ਦੀ ਉਸਾਰੂ ਰੁਚੀ ਅਪਣਾਅ ਕੇ ਪਰਸਪਰ ਵਿਚਾਰ ਦਾ ਰਾਹ ਅਪਣਾਇਆ ਜਾਵੇ ਜੀ ।

—ਸੰਪਾਦਕ

---

## ਪੋਥੀ ਬਹੁ-ਸ਼ਬਦੀ ਕੀਰਤਨੀ ਆਸਾ ਦੀ ਵਾਰ

ਕਈ ਸਾਲਾਂ ਤੋਂ ਅਖੰਡ ਕੀਰਤਨੀ ਜਥੇ ਦੇ ਸਿੰਘਾਂ ਵਲੋਂ ਪ੍ਰੇਰਨਾ ਹੋ ਰਹੀ ਹੈ ਕਿ "ਬਹੁ ਸ਼ਬਦੀ ਕੀਰਤਨੀ ਆਸਾ ਦੀ ਵਾਰ" ਦੁਬਾਰਾ ਛੇਤੀ ਛਾਪੀ ਜਾਵੇ । ਕੀਰਤਨੀ ਵੀਰਾਂ ਅਗੇ ਇਸ ਸੰਬੰਧੀ ਬਿਨੈ ਹੈ ਕਿ ਨਵੀਂ ਐਡੀਸ਼ਨ ਵਿਚ ਅਸੀਂ ਹਰੇਕ ਛਕੇ ਦੇ ਨਾਲ ਉਨ੍ਹਾਂ ਸ਼ਬਦਾਂ ਦਾ ਤਤਕਰਾ ਦੇਣਾ ਚਾਹੁੰਦੇ ਹਾਂ । ਜੋ ਉਸ ਛਕੇ ਨਾਲ ਰਲਦੇ ਮਿਲਦੇ ਭਾਵਾਂ ਦੇ ਹੋਣ । ਜੇ ਤੁਸੀਂ ਆਪਣੀ ਖੋਜ ਅਨੁਸਾਰ ਹਰੇਕ ਛਕੇ ਨਾਲ ਸੰਬੰਧਤ ਸ਼ਬਦਾਂ ਦੀ ਲਿਸਟ ਭੇਜ ਸਕੋ ਤਾਂ ਬੜੀ ਕਿਰਪਾ ਹੋਵੇਗੀ ।

ਦਾਸ—ਮੈਨੇਜਰ 'ਸੂਰਾ'

---

## ਗੁਰਦਵਾਰਾ ਰਾਮਪੁਰ ਖੇੜਾ ਵਿਖੇ ਨਾਮ ਅਭਿਆਸ ਕਮਾਈ ਸਮਾਗਮ

ਪਿਛਲੇ ਸਾਲਾਂ ਵਾਂਗ ਗੁਰਦਵਾਰਾ ਸਾਹਿਬ ਵਿਖੇ ੬ ਤੋਂ ੧੩ ਜੁਲਾਈ ੧੯੮੦ ਤਕ ਪ੍ਰੋਗਰਾਮ ਹੋ ਰਹੇ ਹਨ । ਸਵੇਰੇ ੨ ਵਜੇ ਸਾਵਧਾਨ ਹੋ ਕੇ ਇਸ਼ਨਾਨ ਤੇ ਨਿਤਨੇਮ ਤੋਂ ਅਰੰਭ ਹੋ ਕੇ ਗੁਰੂ ਮਹਾਰਾਜ ਦੇ ਪ੍ਰਕਾਸ਼ ਉਪਰੰਤ ਨਾਮ ਅਭਿਆਸ, ਕੀਰਤਨ, ਕਥਾ, ਅਲਪ ਅਹਾਰ ਤੇ ਅਰਾਮ ਤੋਂ ਬਾਅਦ ਫਿਰ ਨਾਮ ਅਭਿਆਸ, ਕਥਾ, ਕੀਰਤਨ, ਸੋਦਰ, ਆਰਤੀ ਤੇ ਸੁਖ-ਆਸਨ ਰਾਤ ਸਾਢੇ ਨੌਂ ਵਜੇ ਤਕ ।

ਨੋਟ—੧. ਇਕਾਂਤ ਭੰਗ ਕਰਨ ਵਾਲੇ ਬੱਚਿਆਂ ਨੂੰ ਨਾ ਲਿਆਵੋ । ੨. ਅੰਮ੍ਰਿਤ-ਸੰਚਾਰ ੧੨ ਜੁਲਾਈ ਨੂੰ ਹੋਵੇਗਾ । ੩. ਗੁ: ਰਾਮਪੁਰ ਖੇੜਾ ਦਸੂਹਾ-ਹੁਸ਼ਿਆਰਪੁਰ ਰੋਡ ਤੇ ਹੈ । ੪. ਲੋੜ ਅਨੁਸਾਰ ਬਿਸਤਰੇ ਲਈ ਆਉਣੇ ਜੀ ।

**ਦਾਸਨ ਦਾਸ—ਹਰਨਾਮ ਸਿੰਘ (ਬਾਬਾ), ਗੁ: ਰਾਮਪੁਰ ਖੇੜਾ, ਡਾ: ਗੜ੍ਹਦੀਵਾਲਾ (ਹੁਸ਼ਿਆਰਪੁਰ)**

www.AKJ.Org

## ਜਉ ਸਭ ਮਹਿ ਏਕੁ ਖੁਦਾਇ ਕਹਤ ਹਉ

# ਤਉ ਕਿਉ ਮੁਰਗੀ ਮਾਰੈ ?

(ਵਲੋਂ :—ਭਾਈ ਜੋਗਿੰਦਰ ਸਿੰਘ ਜੀ ਤਲਵਾੜਾ]

(ਪੰਜਵੀਂ ਕਿਸ਼ਤ—ਲੜੀ ਜੋੜਨ ਲਈ ਵੇਖੋ 'ਸੂਰਾ' ਮਈ ੧੯੯੮ )

**ਦਲੀਲ ਨੰਬਰ ੫–**

ਝਟਕਾ ਖਾਣ ਨਾਲ ਮਨੁਖ ਵਿਚ ਬਹਾਦਰੀ ਆਉਂਦੀ ਹੈ ?

**ਵਿਚਾਰ–**

ਬਹਾਦਰੀ ਦਾ ਮਾਸ ਖਾਣ ਜਾਂ ਨਾ ਖਾਣ ਨਾਲ ਕੋਈ ਸੰਬੰਧ ਨਹੀਂ । ਬਹਾਦਰੀ ਇਕ ਮਾਨਸਕ ਜਜ਼ਬਾ ਹੈ, ਜੋ ਸ੍ਵੈ-ਕੁਰਬਾਨੀ ਦੀ ਉਪਜ ਹੈ । ਜ਼ਾਲਮ ਮਨੁਖ ਆਪਣੇ ਹਿਤ ਲਈ ਕਿਸੇ ਨੂੰ ਕੁਰਬਾਨ ਕਰਦਾ ਹੈ, ਬਹਾਦਰ ਮਨੁਖ ਕਿਸੇ ਆਦਰਸ਼ ਅਧੀਨ ਸ੍ਵੈ-ਕੁਰਬਾਨੀ ਲਈ ਸਦਾ ਤਤਪਰ ਰਹਿੰਦਾ ਹੈ । ਜ਼ਾਲਮ-ਮੁਗ਼ਲ ਫੌਜਾਂ ਵਿਰੁਧ ਧਰਮ-ਯੁਧ ਕਰ ਰਹੀਆਂ ਫ਼ੌਜਾਂ ਦੀ ਬਹਾਦਰੀ ਦਾ ਗੌਰਵ-ਮਈ ਵਰਨਣ ਅਸੀਂ ਇਤਿਹਾਸ ਵਿਚ ਆਮ ਪੜ੍ਹਦੇ ਹਾਂ ਕਿ ਓਧਰ ਮੁਗਲਾਂ ਦੀ ਫ਼ੌਜ ਵਿਚ ਪੂਰਾ ਪੂਰਾ ਦੁੰਬਾ ਖਾਣ ਵਾਲੇ ਗਿਲਝੇ ਸਨ ਤੇ ਏਧਰ ਗੁਰੂ ਕੀ ਫੌਜ ਵਿਚ ਮੁੱਠ ਮੁੱਠ ਛੋਲੇ ਖਾ ਕੇ ਉਦਰ-ਪੂਰਨਾ ਕਰਨ ਵਾਲੇ ਬੀਰ-ਬਹਾਦਰ ਸਨ ਅਤੇ ਇਨ੍ਹਾਂ ਸੂਰਮਿਆਂ ਨੇ, ਗੁਰੂ ਕੇ ਨਾਮ-ਅੰਮ੍ਰਿਤ ਦੀ ਸ਼ਕਤੀ ਦੇ ਸਿਰ-ਸਦਕੇ ਮੁਗਲ ਫ਼ੌਜਾਂ ਦੇ ਛਕੇ ਛੁੜਾ ਦਿਤੇ ।

ਜੇ ਬਹਾਦਰੀ ਦਾ ਅਧਾਰ ਮਾਸ ਖਾਣ ਤੇ ਹੁੰਦਾ ਤਾਂ ਖਾਲਸਾ ਫੌਜਾਂ ਮੁਗਲ ਫ਼ੌਜਾਂ ਦੇ ਮੁਕਾਬਲੇ ਵਿਚ ਕਦਾਚਿਤ ਠਹਿਰ ਨਾ ਸਕਦੀਆਂ । ਪਰ ਬਹਾਦਰੀ ਦਾ ਭੇਤ ਆਤਮਾ ਦੇ ਬਲਵਾਨ ਹੋਣ ਵਿਚ ਲੁਕਿਆ ਹੋਇਆ ਹੈ । ਅਤੇ ਆਤਮਾ ਬਲਵਾਨ ਹੁੰਦੀ ਹੈ ਆਪਾ ਚੀਨ ਕੇ ਅਤੇ ਆਪਾ ਨਿਵਾਰ ਕੇ ।

ਮਾੜੇ ਉਤੇ ਤਾਂ ਹਰ ਕੋਈ ਸ਼ੇਰ ਹੁੰਦਾ ਹੈ । ਬਹਾਦਰੀ ਦਾ ਪਤਾ ਤਾਂ ਓਦੋਂ ਲਗਦਾ ਹੈ ਜਦੋਂ ਵਾਹ ਕਿਸੇ ਤਕੜੇ ਨਾਲ ਪਵੇ । ਵਿਚਾਰੇ ਤਿਤਰਾਂ, ਬਟੇਰਿਆਂ, ਮੁਰਗਿਆਂ ਤੇ ਬਕਰਿਆਂ ਨੂੰ ਮਾਰ ਕੇ ਬਹਾਦਰੀ ਦਾ ਦਾਅਵਾ ਬੰਨ੍ਹਣਾ ਹਾਸੋ-ਹੀਣਾ ਕਰਤੱਵ ਹੈ ।

ਅਸਲੀਅਤ ਸਗੋਂ ਇਸ ਦੇ ਉਲਟ ਹੈ । ਛੋਟੇ ਛੋਟੇ ਨਿਤਾਣੇ ਜੀਵ ਜੰਤੂਆਂ ਤੇ ਜ਼ੋਰ ਜਬਰ ਕਰ ਕੇ, ਉਹਨਾਂ ਨੂੰ ਮਾਰ ਕੇ ਖਾਣ ਨਾਲ ਮਨੁਖ ਦੀ ਆਤਮਾ ਨਿਰਬਲ ਹੁੰਦੀ ਹੈ ਤੇ ਇਸ ਤਰ੍ਹਾਂ ਉਸ ਵਿਚ ਕਾਇਰਤਾ ਪਰਵੇਸ਼ ਹੁੰਦੀ ਹੈ । ਮਾਰਨ ਲਈ ਪਸ਼ੂ-ਪੰਛੀਆਂ ਨੂੰ ਜਦੋਂ ਝਟਕਈ ਫੜਦਾ ਹੈ ਤਾਂ ਉਹ ਮੌਤ ਦੇ ਡਰ ਨਾਲ ਸਹਿਮ ਜਾਂਦੇ ਹਨ ਅਤੇ ਆਪਣੀ ਜਾਨ ਬਚਾਣ ਲਈ ਉਸ ਦੇ ਹੱਥੋਂ ਨਿਕਲ ਨਿਕਲ ਜਾਂਦੇ ਹਨ । ਮਰਨ ਲਗਿਆਂ ਉਨ੍ਹਾਂ ਅੰਦਰ ਹੀਣਤਾ ਤੇ ਬੇਬਸੀ ਦੇ ਭਾਵ ਹਾਵੀ ਹੁੰਦੇ ਹਨ । ਸੋ ਅਜਿਹੀ ਹੀਣਤਾ ਭਰੀ ਮਾਨਸਕ ਅਵਸਥਾ ਵਿਚ ਮੋਏ ਜਾਨਵਰਾਂ ਦਾ ਮਾਸ ਖਾ ਕੇ ਮਨੁਖ ਵਿਚ ਬਹਾਦਰੀ ਕਿਵੇਂ ਪਰਵੇਸ਼ ਕਰ ਸਕਦੀ ਹੈ ? ਪਰਸਿਧ ਅਤੇ ਮੰਨੀ-ਪ੍ਰਮੰਨੀ ਕਹਾਵਤ ਹੈ—ਜੈਸਾ 'ਅੰਨ' ਤੈਸਾ 'ਮਨ' । ਡਰਪੋਕ ਅਤੇ ਹੀਣੇ ਜਾਨਵਰ ਦਾ ਮਾਸ ਖਾ ਕੇ ਮਨੁਖ ਵਿਚ ਹੀਣਤਾ ਹੀ ਪਰਵੇਸ਼ ਕਰੇਗੀ ।

ਗੁਰਮਤਿ ਦੇ ਝਰੋਖੇ 'ਚੋਂ ਦੇਖਿਆਂ ਸੂਰਮਗਤੀ ਦੀ ਸਹੀ ਸੋਝੀ ਹੁੰਦੀ ਹੈ । ਗੁਰਬਾਣੀ ਅਨੁਸਾਰ ਅਸਲੀ ਸੂਰਮਾ ਉਹ ਹੈ ਜੋ ਵਾਹਿਗੁਰੂ ਦੇ ਪ੍ਰੇਮ-ਰੰਗ ਵਿਚ ਰੰਗਿਆ ਹੋਇਆ ਹੋਵੇ ਅਤੇ ਪ੍ਰੇਮ-ਰੰਗ ਦੇ ਤੁਫੈਲ ਉਸ ਵਿਚੋਂ ਮੌਤ ਦਾ ਭੈ ਨਿਕਲ ਚੁਕਾ ਹੋਵੇ ।



www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥ (੬੭੦)

ਇਸ ਪਦ ਦੀ ਵਧੇਰੇ ਵਿਆਖਿਆ ਕਰਦਿਆਂ ਗੁਰਬਾਣੀ ਵਿਚ ਅਸਲੀ ਸੂਰਮਿਆਂ ਅਤੇ ਅਖੌਤੀ ਸੂਰਮਿਆਂ ਦੇ ਲੱਛਣ ਵੀ ਨਿਰੂਪਨ ਕੀਤੇ ਹੋਏ ਹਨ, ਤਾਂ ਜੁ ਕਿਸੇ ਨੂੰ ਕੋਈ ਟਪਲਾ ਜਾਂ ਤੌਖਲਾ ਨਾ ਲਗੇ—

ਸੂਰੇ ਏਹਿ ਨ ਆਖੀਅਹਿ ਅਹੰਕਾਰਿ ਮਰਹਿ ਦੁਖੁ ਪਾਵਹਿ ॥ ਅੰਧੇ ਆਪੁ ਨ ਪਛਾਣਨੀ ਦੂਜੈ ਪਚਿ ਜਾਵਹਿ ॥
ਅਤਿ ਕਰੋਧਿ ਸਿਉ ਲੁਝਦੇ ਅਗੈ ਪਿਛੈ ਦੁਖੁ ਪਾਵਹਿ॥ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ॥
ਅਹੰਕਾਰਿ ਮੁਏ ਸੇ ਵਿਗਤੀ ਗਏ ਮਰਿ ਜਨਮਹਿ ਫਿਰਿ ਆਵਹਿ॥੯॥ (ਪੰਨਾ ੧੦੮੯)

ਸੂਰਮੇ ਦੀ ਪਰਖ ਇਹ ਹੈ ਕਿ ਉਹ ਦੀਨਾਂ ਦੁਖੀਆਂ ਦੀ ਖਾਤਰ ਆਪਣੀ ਜਾਨ ਦੀ ਬਾਜ਼ੀ ਤਕ ਲਾ ਦੇਂਦਾ ਹੈ :-- ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥ (੧੧੦੫)

ਪਰ ਇਸ ਦੇ ਉਲਟ ਜੋ ਮਨੁਖ ਦੀਨਾਂ, ਮਜ਼ਲੂਮਾਂ, ਭ ਵ ਬੇ-ਜ਼ਬਾਨ ਤੇ ਮਸੂਮ ਪਸੂ ਪੰਛੀਆਂ ਉਤੇ ਜ਼ੋਰ-ਜ਼ੁਲਮ ਢਾਹ ਕੇ ਆਪਣੀ ਜੀਭ ਦੇ ਸੁਆਦ ਲਈ, ਜਾਂ ਵਿਕਾਰਾਂ ਵਿਚ ਖੀਨ ਹੋਈ ਸਤਾ ਨੂੰ ਮੁੜ ਬਹਾਲ ਕਰਨ ਲਈ ਉਨ੍ਹਾਂ ਦਾ ਖ਼ੂਨ ਪੀਂਦਾ ਹੈ,ਉਸਦੀ ਸੂਰਮਗਤੀ ਦੀ ਫੜ,ਅਕਲ ਦਾ ਦਿਵਾਲਾ-ਪਣ ਨਹੀਂ ਤਾਂ ਹੋਰ ਕੀ ਹੈ?

**ਦਲੀਲ ਨੰਬਰ ੬—**

**ਮਾਸ ਇਕ ਤਾਕਤ-ਵਰ ਭੋਜਨ ਹੈ।**

**ਇਸ ਨਾਲ ਸਰੀਰ ਰਿਸ਼ਟ-ਪੁਸ਼ਟ ਹੁੰਦਾ ਹੈ।**

**ਵਿਚਾਰ** :-ਜਿਥੋਂ ਤਕ ਮਾਸ ਦੀ ਭੋਜਨਾਤਮਿਕ ਮਹੱਤਤਾ (Food value) ਦਾ ਸੰਬੰਧ ਹੈ, ਇਹ ਮਸਲਾ ਹਿਕਮਤ ਨਾਲ ਸੰਬੰਧਤ ਹੈ। ਇਸ ਬਾਰੇ ਡਾਕਟਰਾਂ ਦੀਆਂ ਰਾਵਾਂ ਵੰਡੀਆਂ ਹੋਈਆਂ ਹਨ। ਕਈ ਡਾਕਟਰਾਂ ਦੀ ਰਾਏ ਹੈ ਕਿ ਮਾਸ ਵਿਚ ਏ-ਕਲਾਸ ਪ੍ਰੋਟੀਨ ਹੁੰਦੇ ਹਨ, ਇਸ ਲਈ ਇਸ ਦੇ ਸੇਵਨ ਕਰਨ ਨਾਲ ਸਰੀਰ ਨੂੰ ਵਧੇਰੇ ਤਾਕਤ ਮਿਲਦੀ ਹੈ। ਦੂਜੇ ਪਾਸੇ ਕਈ ਡਾਕਟਰਾਂ ਦਾ ਵਿਚਾਰ ਹੈ ਕਿ ਮਾਸ ਮਨੁਖ ਲਈ ਗ਼ੈਰ-ਕੁਦਰਤੀ ਭੋਜਨ ਹੈ ਤੇ ਇਸ ਦੇ ਖਾਣ ਦਾ ਮਨੁਖ ਦੇ ਮਸੂੜਿਆਂ, ਪਾਚਨ-ਸ਼ਕਤੀ ਅਤੇ ਖ਼ੂਨ ਦੇ ਦਬਾਅ (Blood Pressure) ਤੇ ਮਾਰੂ ਅਸਰ ਹੁੰਦਾ ਹੈ। ਦੁਨੀਆ ਭਰ ਚੋਂ ਉਘੇ ਡਾਕਟਰਾਂ ਦੀਆਂ ਅਨੇਕਾਂ ਰਾਵਾਂ ਵਿਚੋਂ ਟੂਕ ਮਾਤਰ ਹੇਠਾਂ ਹ ਜਰ ਹਨ।ਡਾ: ਜੋਜ਼ਫ ਓਲਿਡ ਫ਼ੀਲਡ ਲਿਖਦੇ ਹਨ—

"ਮਾਸ ਗ਼ੈਰ-ਕੁਦਰਤੀ ਖ਼ੁਰਾਕ ਹੈ। ਇਸ ਦੇ ਖਾਣ ਨਾਲ ਭਗੰਦਰ, ਤਪਦਿਕ ਆਦਿ ਕਈ ਬੀਮਾਰੀਆਂ ਪੈਦਾ ਹੁੰਦੀਆਂ ਹਨ ਅਤੇ ਅਜ ਕਲ੍ਹ ਦੁਨੀਆ ਦੀਆਂ ੯੯ ਫ਼ੀ ਸਦੀ ਬੀਮਾਰੀਆਂ ਦਾ ਕਾਰਨ ਮਾਸ ਖਾਣਾ ਹੈ।"

ਡਾ: ਡਬਲਯੂ. ਐਚ. ਐਲ. ਚੇਨ ਦਾ ਕਹਿਣਾ ਹੈ—

"ਮਾਸ ਖਾਣ ਨਾਲ ਸਿਰ-ਦਰਦ, ਕਬਜ਼, ਦਿਲ ਦੀ ਬੀਮਾਰੀ, ਨਾ-ਤਾਕਤੀ ਅਤੇ ਹੋਰ ਬਹੁਤ ਸਾਰੀਆਂ ਬੀਮਾਰੀਆਂ ਪੈਦਾ ਹੁੰਦੀਆਂ ਹਨ।"

**ਭਗੰਦਰ ਦਾ ਇਲਾਜ ਕਰਨ ਵਾਲੇ ਡਾ: ਵੈੱਲ** ਨੇ ਆਪਣੀ ਅੰਗਰੇਜ਼ੀ ਕਿਤਾਬ ਵਿਚ ਲਿਖਿਆ ਹੈ ਕਿ ਹਰ ਸਾਲ ਦੁਨੀਆ ਵਿਚ ਪੰਝੀ ਕਰੋੜ ਪੰਜਾਹ ਲਖ ਅਤੇ ਕੇਵਲ ਇੰਗਲੈਂਡ ਤੇ ਵੇਲਜ਼ ਵਿਚ ਹੀ ਤੀਹ ਹਜ਼ਾਰ ਆਦਮੀ ਇਸ ਬੀਮਾਰੀ ਨਾਲ ਮਰਦੇ ਹਨ, ਜਿਸ ਦਾ ਵਡਾ ਕਾਰਨ ਮਾਸ ਖਾਣਾ ਹੈ।

ਪਰ ਡਾਕਟਰਾਂ ਦੀਆਂ ਰਾਵਾਂ ਆਏ ਦਿਨ ਬਦਲਦੀਆਂ ਰਹਿੰਦੀਆਂ ਹਨ। ਉਂਜ ਨਿਤ ਦੇ ਜੀਵਨ ਵਿਚ ਅਸੀਂ ਵੇਖ ਰਹੇ ਹਾਂ ਕਿ ਨਾ ਤਾਂ ਸਾਰੇ ਮਾਸ ਖਾਣ ਵਾਲੇ ਵਿਅਕਤੀ ਰਿਸ਼ਟ-ਪੁਸ਼ਟ ਹਨ ਅਤੇ ਨਾ ਹੀ ਸਾਰੇ ਮਾਸ ਨਾ ਖਾਣ ਵਾਲੇ ਕਮਜ਼ੋਰ ਹਨ। ਸਗੋਂ ਸਚਾਈ ਇਹ ਹੈ ਕਿ ਮਾਸ ਖਾਣ ਵਾਲੇ ਵਿਅਕਤੀ ਦੇਖਣ ਚਾਖਣ ਨੂੰ ਭਾਵੇਂ ਮੋਟੇ ਤਾਜ਼ੇ ਨਜ਼ਰ ਆਉਂਦੇ ਹਨ, ਪਰ ਉਹਨਾਂ ਦੇ ਮੁਕਾਬਲੇ ਵਿਚ ਮਾਸ ਨਾ ਖਾਣ ਵਾਲਿਆਂ ਵਿਚ ਔਖਿਆਈ ਝਲਣ ਦਾ ਹੌਸਲਾ ਅਤੇ ਸ਼ਕਤੀ ਜ਼ਿਆਦਾ ਹੁੰਦੀ ਹੈ।

ਸਰੀਰਕ ਅਰੋਗਤਾ ਵਾਸਤੇ ਡਾਕਟਰਾਂ ਦੀ ਰਾਏ ਨੂੰ ਮੰਨਣਾ ਅਤੇ ਅਪਣਾਉਣਾ ਕਿਸੇ ਹਦ ਤਕ ਜ਼ਰੂਰੀ ਹੈ। ਪਰ ਨਿਰਾ ਮਿੱਟੀ ਦਾ ਇਹ ਮੜੋਲਾ ਹੀ ਸਰੀਰ ਨਹੀਂ। ਸਰੀਰ ਤੋਂ ਭਾਵ ਹੈ "ਇਹ ਪੰਜ ਭੂਤਕ


www.AKJ.Org

ਮੜੋਲੀ, ਸਮੇਤ ਇਸ ਵਿਚ ਵਸਦੇ ਆਤਮਾ ਦੇ"। ਇਹ "ਆਤਮਾ" ਸਰੀਰ ਦਾ ਸਭ ਤੋਂ ਮਹੱਤਤਾ ਵਾਲਾ ਸਰਬੋਤਮ ਅੰਸ ਹੈ। ਇਸ ਤੋਂ ਬਗੈਰ ਸਰੀਰ ਦੀ ਹੋਂਦ ਹੀ ਕਾਇਮ ਨਹੀਂ ਰਹਿ ਸਕਦੀ। ਸੋ ਜਿਥੇ ਸਰੀਰ ਨੂੰ ਰਿਸ਼ਟ ਪੁਸ਼ਟ ਰਖਣ ਦੀ ਅਵੱਸ਼ ਲੋੜ ਹੈ ਓਥੇ ਆਤਮਾ ਨੂੰ ਬਲਵਾਨ ਰਖਣਾ ਮਨੁਖ ਦੀ ਮੁਢਲੀ ਜ਼ਿਮੇਵਾਰੀ ਹੈ। ਮਨੁਖ ਦੀ ਆਦਰਸ਼ਕ ਖੁਰਾਕ ਉਹੋ ਕਹੀ ਜਾ ਸਕਦੀ ਹੈ ਜਿਸ ਨਾਲ ਮਨੁਖੀ ਸਰੀਰ ਅਤੇ ਇਸ ਸਰੀਰ ਘਰ ਦਾ ਮਾਲਕ—ਆਤਮਾ—ਬਲਵਾਨ ਹੋਵੇ।

ਡਾਕਟਰਾਂ ਦੀ ਪੜ੍ਹਾਈ ਅਤੇ ਡਾਕਟਰੀ ਗਿਆਨ ਪੰਜ-ਭੂਤਕ ਸਰੀਰ-ਮੜੋਲੀ ਤਕ ਹੀ ਸੀਮਤ ਹੁੰਦਾ ਹੈ। ਉਹਨਾਂ ਨੂੰ ਆਤਮਾ ਬਾਰੇ ਕੋਈ ਗਿਆਨ ਨਹੀਂ ਹੁੰਦਾ। ਸੋ ਕੁਦਰਤੀ ਗੱਲ ਹੈ ਕਿ ਉਹਨਾਂ ਵਲੋਂ ਸੁਝਾਇਆ ਗਿਆ ਭੋਜਨ ਪੰਜ-ਭੂਤਕ-ਸਰੀਰ ਦੀ ਬਿਰਧੀ ਤਕ ਹੀ ਸੀਮਤ ਹੋਵੇ। ਮਾਸ-ਭੋਜਨ ਲਈ ਜੀਵ-ਹਤਿਆ ਦਾ ਹੋਣਾ ਅਵੱਸ਼ ਹੈ ਤੇ ਜੀਵ-ਹਤਿਆ ਦੇ ਕਾਰਨ ਮਨੁਖੀ ਆਤਮਾ ਦਇਆ ਦੇ ਦੇਵੀ ਗੁਣ ਤੋਂ ਵਿਰਵਾ ਹੋ ਕੇ ਨਿਤਾਣਾ ਹੋ ਜਾਂਦਾ ਹੈ। ਨਿਰਬਲ ਆਤਮਾ ਵਾਲਾ ਸਰੀਰ ਰਿਸ਼ਟ-ਪੁਸ਼ਟ ਹੋਣ ਦੇ ਬਾਵਜੂਦ ਨਿਕੰਮਾ ਤੇ ਨਿਕਾਰਾ ਹੀ ਸਾਬਤ ਹੁੰਦਾ ਹੈ।

ਮਾਸ ਦੇ ਵਖ ਵਖ ਪਖਾਂ ਦੇ ਸੰਬੰਧ ਵਿਚ ਗੁਰਬਾਣੀ ਦੇ ਨਿਰਣਿਆਂ ਤੋਂ ਹੀ ਸੇਧ ਲੈਣੀ ਬਣਦੀ ਹੈ। ਗੁਰਬਾਣੀ ਦਾ ਉਪਦੇਸ਼ ਹੈ :—

ਹਕੁ ਪਰਾਇਆ ਨਾਨਕਾ ਉਸੁ ਸੂਅਰੁ ਉਸੁ ਗਾਇ ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥[ਮ: ੧, ਮਾਝ ਕੀ ਵਾਰ, ਪੰਨਾ ੧੪੧

'ਹਕੁ ਪਰਾਇਆ' ਤੋਂ ਭਾਵ 'ਪਰਾਈ ਮਲਕੀਅਤ' ਹੈ ਅਤੇ ਪਰਾਈ ਮਲਕੀਅਤ ਨੂੰ ਧੀਂਗੋ ਜ਼ੋਰੀ ਹੜੱਪ ਕਰਨਾ ਪਾਪ-ਕਰਮ ਹੈ। ਰਿਸ਼ਵਤ ਅਤੇ ਲੁਟ-ਘਸੁਟ ਦੇ ਧਨ ਨਾਲ ਪ੍ਰਾਪਤ ਕੀਤੇ ਪਦਾਰਥ ਪੰਜ-ਭੂਤਕੀ ਸਰੀਰ ਲਈ ਭਾਵੇਂ ਗੁਣਕਾਰੀ ਹੋਣ, ਪਰ ਗੁਰਸਿਖਾਂ ਲਈ 'ਹੱਕ-ਪਰਾਇਆ' ਬਿਵਰਜਿਤ ਹੈ।

ਭਾਈ ਲਾਲੋ ਦੀ ਕੋਧਰੇ ਦੀ ਰੋਟੀ ਨਾਲੋਂ ਮਲਕ ਭਾਗੋ ਦਾ ਪਕਵਾਨ ਨਿਰਸੰਦੇਹ ਵਧੇਰੇ ਸੁਆਦਿਸ਼ਟ ਅਤੇ ਪੁਸ਼ਟੀ-ਕਰਣ ਸੀ, ਪਰ ਧਰਮ ਦੇ ਹਾਦੀ ਗੁਰੂ ਬਾਬੇ ਨੇ ਸੁਕ੍ਰਿਤ-ਕਰਣੀ ਦੇ ਕੋਧਰੇ ਨੂੰ ਅਪਣਾਇਆ ਅਤੇ ਮਾਹਲ-ਪੂੜਿਆਂ ਦੇ ਪਕਵਾਨ ਦਾ ਤ੍ਰਿਸਕਾਰ ਕੀਤਾ ਅਤੇ ਦੋਹਾਂ ਕਿਸਮਾਂ ਦੇ ਪਕਵਾਨਾਂ ਨੂੰ ਵਖ ਵਖ ਮੁਠੀਆਂ ਵਿਚ ਫੜ ਕੇ ਇਕ ਵਿਚੋਂ ਦੁੱਧ ਅਤੇ ਦੂਜੇ ਵਿਚੋਂ ਲਹੂ ਕਢਣ ਦਾ ਕਲਾ-ਕ੍ਰਿਸ਼ਮਾਇਣੀ ਕਉਤਕ ਪ੍ਰਤਖ ਵਰਤਾਇਆ। ਕਿਡੀ ਅਜਬ ਖੇਡ ਹੈ ਕਿ ਸਮੇਂ ਦੇ ਗੇੜ ਨਾਲ ਅਜ ਗੁਰੂ-ਨਾਨਕ-ਨਾਮ-ਲੇਵਾ ਦੁੱਧ ਛਡ ਕੇ ਖੂਨ ਪੀਣ ਦਾ ਰਸਤਾ ਅਪਨਾਅ ਰਹੇ ਹਨ।

ਲੁਟ ਘਸੁਟ ਕਰਨੀ 'ਹੱਕ ਪਰਾਇਆ' ਮਾਰਨਾ ਸਮਝਿਆ ਜਾਂਦਾ ਹੈ। ਜੇ ਲੁਟ-ਘਸੁਟ ਕਰਨੀ ਖੂਨ ਪੀਣ ਤੁਲ ਹੈ ਅਤੇ ਜੁਰਮ ਹੈ ਤਾਂ ਜ਼ਬਾਨ ਦੇ ਚਸਕੇ ਜਾਂ ਤਾਕਤ ਵਧਾਂਉਣ ਦੇ ਲਾਲਚ-ਅਧੀਨ ਜਾਨਵਰਾਂ ਦੇ ਜੀਉਣ ਦੇ ਹੱਕ ਉਤੇ ਛਾਪਾ ਮਾਰਨਾ ਕਿਥੋਂ ਦਾ ਸਾਊਪੁਣਾ ਹੈ? 'ਹੱਕ-ਪਰਾਇਆ' ਹੜੱਪ ਕਰ ਕੇ ਅਤੇ ਮੁਰਦਾਰ ਖਾਕੇ ਗੁਰੂ ਪੀਰ ਵਲੋਂ ਹਾਮੀ ਭਰੇ ਜਾਣ ਦੀ ਆਸ ਰਖਣੀ ਆਪਣੇ ਆਪ ਨਾਲ ਕਿਡਾ ਵੱਡਾ ਧੋਖਾ ਹੈ?

ਗੁਰੂ ਕੇ ਸਿਖਾਂ ਲਈ ਜੀਵਨ-ਰਾਹ ਕੁਝ ਹੋਰ ਹੈ :—

ਖਸਮੁ ਪਛਾਨਿ ਤਰਸ ਕਰਿ ਜੀਅ ਮਹਿ, ਮਾਰਿ ਮਣੀ ਕਰਿ ਫੀਕੀ ॥ (੪੮੦)
ਕਿਰਤਿ ਵਿਰਤਿ ਕਰਿ ਧਰਮ ਦੀ ਖਟਿ ਖਵਾਲਣੁ ਭਾਇ ਕਰੇਹੀ ॥੧॥(੩) [ਭ: ਗੁਰਦਾਸ ਜੀ,
ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥ (੧੨੪੫)

---

**ਤਉ ਕਉ ਮੁਰਗੀ ਮਾਰੈ?** ਇਸ ਗੁਰਮਤਿ ਵਿਚਾਰ ਵਾਲੇ ਟਰੈਕਟ ਵਿਚ **ਮਾਸ** ਖਾਣ ਬਾਰੇ ਸਭ ਦਲੀਲਾਂ ਤੇ ਸ਼ੰਕਿਆਂ ਨੂੰ ਗੁਰਬਾਣੀ, ਗੁਰਮਤਿ, ਤੇ ਇਤਿਹਾਸਕ ਹਵਾਲਿਆਂ ਨਾਲ ਸਪੱਸ਼ਟ ਕੀਤਾ ਗਿਆ ਹੈ। ਪੜ੍ਹੋ ਤੇ ਆਪਣੇ ਵਿਚਾਰ ਭੇਜੋ। ਸਫੇ ੬੮, ਭੇਟਾ ਪੰਜਾਹ ਪੈਸੇ, ਪਰਚਾਰ ਹਿਤ ਵੰਡਣ ਹਿਤ ਰਿਆਇਤ।

www.AKJ.Org

# 'ਸ਼ਹੀਦ' ਮੁਨਾਰੇ ਚਾਨਣ ਦੇ

[ਵਲੋਂ–ਮਾਸਟਰ ਮਾਘ ਸਿੰਘ ਜੀ ਬੈਂਕੋਕ ਵਾਲੇ, ਸਮਾਧ ਭਾਈ, ਮੋਗਾ]

ਸ਼ਹੀਦ ਮੁਨਾਰੇ ਚਾਨਣ ਦੇ, ਇਹ ਉੱਚ ਅਕਾਸੀਂ ਜਗਦੇ ਨੇ।
ਨਾ ਝਉਂਦੇ ਨੇ ਨਾ ਬੁਝਦੇ ਨੇ, ਇਹ ਸਦ ਸਦੀਵੀ ਜਗਦੇ ਨੇ।
ਰਾਹ ਦਸਣ ਭੁਲੀਆਂ ਕੌਮਾਂ ਨੂੰ, ਨ੍ਹੇਰੇ ਵਿਚ ਪਈਆਂ ਕੌਮਾਂ ਨੂੰ,
ਇਹ ਟੁੰਬ ਜਗਾਵਨ ਕੌਮਾਂ ਨੂੰ, ਤੇ ਬਹੁਤ ਪਿਆਰੇ ਲਗਦੇ ਨੇ।੧।

ਇਹ ਖੂਨ ਹੈ ਕੌਮੀ ਨਾੜਾਂ ਦਾ, ਸੁੱਕਿਆਂ ਨੂੰ ਹਰਿਆਂ ਕਰ ਦੇਵਣ।
ਇਹ ਜਾਨਾਂ ਕੌਮ ਕਲਬੂਤ ਦੀਆਂ, ਮੋਇਆਂ ਵਿਚ ਜੀਵਨ ਭਰ ਦੇਵਣ।
ਸਭ ਤਾਰਾਂ ਟੁਟੀਆਂ ਫੁੱਟੀਆਂ ਨੂੰ, ਕਿਸੇ ਕੌਮ ਦੇ ਬਿਖਰੇ ਸ਼ਜਰੇ ਨੂੰ,
ਇਕ ਪਾ ਅਹੂਤੀ ਜਾਨਾਂ ਦੀ, ਮੁੜ ਰੂਹ ਰਵਾਨੀ ਕਰ ਦੇਵਣ।੨।

ਇਹ ਹੀਰੇ ਸੁੱਚੇ ਕੌਮਾਂ ਦੇ, ਲੜੀਆਂ ਨੌ-ਲਖੇ ਹਾਰ ਦੀਆਂ।
ਪਰਵਾਨੇ ਸ਼ਮਾ ਆਜ਼ਾਦੀ ਦੇ, ਸੱਧਰਾਂ ਮਜ਼ਲੂਮ ਦੁਖਿਆਰ ਦੀਆਂ।
ਇਹ ਦਿਲ ਨੇ ਸ਼ਹੁ ਦਰਿਆਵਾਂ ਦੇ, ਨਾ ਮੋੜਨ ਛਡ ਮੁਹਾਰਾਂ ਨੂੰ,
ਕੋਈ ਜੌਹਰੀ ਕਦਰਾਂ ਪਉਂਦਾ ਏ, ਅਣਖਾਂ ਨੇ ਦੇਸ਼ ਪਿਆਰ ਦੀਆਂ।੩।

ਇਹ ਗਾਡੀ-ਰਾਹ ਗੁਰ ਅਰਜਨ ਨੇ, ਬਹਿ ਤੱਤੀ ਲੋਹ ਪਕਾਇਆ ਸੀ।
ਸਹਿ ਕੜਛੇ ਭੁਜੀਆਂ ਰੇਤਾਂ ਦੇ, ਇਹ ਚੂਨੇ ਗਚ ਬਣਾਇਆ ਸੀ।
ਛਾਂ, ਸ਼ਾਂਤਮਈ ਦੇ ਰੁਖਾਂ ਦੀ, ਦੇ, ਕਟੀ ਫਾਂਸੀ ਦੁਖਾਂ ਦੀ,
ਲਾਹੌਰ ਦੇ ਵਡੇ ਕੇਂਦਰ ਵਿਚ, ਇਕ ਭਾਣਾ ਪਾਠ ਪੜ੍ਹਾਇਆ ਸੀ।੪।

ਜਾਂ ਵਾਰੀ ਆਈ ਔਰੰਗੇ ਦੀ, ਉਸ ਖਾੜਾ ਨਵਾਂ ਰਚਾ ਦਿੱਤਾ।
ਲਾਹ ਜੰਞੂ ਟਿੱਕੇ ਮੰਦਰ ਢਾ, ਕੁਝ ਹੋਰੂੰ ਮਤਾ ਪਕਾ ਲਿਤਾ।
ਕਾਂਸ਼ੀ ਵਿਚ ਕਾਅਬਾ ਲਿਆਵਣ ਲਈ, ਤੇ ਭਾਰਤ ਅਰਬ ਬਨਾਵਣ ਲਈ,
ਉਸ ਸਾੜ੍ਹ ਸਤੀ ਦੀ ਸੈਨਾ ਦਾ, ਇਕ ਨੰਗਾ ਨਾਚ ਨਚਾ ਦਿੱਤਾ।੫।

ਜਾਂ ਐਸੇ ਪਾਪ ਤੁਫਾਨਾਂ ਦੇ, ਆ ਝਖੜ ਸਾਰੇ ਝੁਲ ਗਏ।
ਤੇ ਉਮਰ ਵੇਦ ਪੁਰਾਨਾਂ ਝੁਕ ਗਈ, ਗੀਤਾ ਪੜ੍ਹਨੀ ਭੁਲ ਗਏ।
ਛਤਰੀ ਤੇਗ ਨਿਤਾਣੀ ਹੋ ਗਈ, ਪਈ ਕਮਾਨ ਪੁਰਾਣੀ ਹੋ ਗਈ,
ਤਾਂ ਆਖ਼ਰ ਅਨੰਦਪੁਰ ਦਾਤੇ ਅਗੇ, ਧਰਮ ਦੇ ਹੰਝੂ ਡੁਲ੍ਹ ਗਏ।੬।

ਧਰਮ ਦੀ ਕੀਮਤ ਸੀਸ ਦੀ ਭੇਟਾ, ਸਤਿਗੁਰ ਇਹ ਫ਼ਰਮਾਇਆ ਸੀ।
ਗੋਬਿੰਦ ਨਾਲ ਹੁੰਗਾਰਾ ਭਰ ਕੇ, ਗਗਨ ਦਮਾਮਾ ਵਾਇਆ ਸੀ।
ਫਿਰ ਨੌਵੇਂ ਤੇਗ ਬਹਾਦਰ ਨੇ, ਉਸ ਹਿੰਦ ਦੀ ਚਿੱਟੀ ਚਾਦਰ ਨੇ,
ਇਸ ਰਾਹ ਦੇ ਦਿੱਲੀ ਸੈਂਟਰ ਤੇ, ਸਿਲ ਖ਼ੁਤਬਾ ਨਵਾਂ ਲਗਾਇਆ ਸੀ।੭।

ਗੁਰ ਦਸਵੇਂ ਪੂੰਜੀ ਸਾਰੀ ਲਾ, ਥਾਂ ਥਾਂ ਤੇ ਬੁਰਜ ਬਣਾ ਦਿੱਤੇ।
ਡਰ ਭਉ ਛਲਾਵੇ ਤੋੜਨ ਲਈ, ਚਮਕੌਰ ਸਰਹਿੰਦ ਚਮਕਾ ਦਿਤੇ।
ਤੇ ਦੇ ਅਹੂਤੀ ਆਪਣੀ ਵੀ, ਸਣ ਮਾਤਾ ਜਿਗਰ ਦੇ ਲਾਲਾਂ ਦੀ,
ਸਚ ਹੱਕ ਤੇ ਘੋਲ ਘੁਮਾਵਨ ਲਈ, ਸ਼ਾਹ-ਰਾਹ ਸ਼ਹੀਦ ਖੁਲ੍ਹਾ ਦਿਤੇ।੮।


www.AKJ.Org

ਇਸ ਰਾਹ ਤੇ ਜੋ ਕੁਝ ਡਿੱਠਾ ਮੈਂ, ਦਿਲ ਤਕੜਾ ਕਰਕੇ ਸੁਣ ਲਣਾ।
ਜੇ ਗਿਠ ਗਿਠ ਧਰਤੀ ਮਿਣਨੀ ਹੈ, ਤਾਂ ਇੰਚ ਇੰਚ ਵੀ ਖੁਣ ਲੈਣਾ।
ਹਰ ਥਾਂ ਤੇ ਖੂਨ ਸ਼ਹੀਦਾਂ ਦਾ, ਮਰ-ਜੀਉੜੇ ਸਿਖ ਸ਼ਹੀਦਾਂ ਦਾ,
ਇਤਿਹਾਸ ਅਨੋਖਾ ਦਿੱਸੇਗਾ, ਦਿਲ ਕਾਬੂ ਕਰ ਕੇ ਸੁਣ ਲੈਣਾ।੯।

ਥਾਂ ਥਾਂ ਤੇ ਛਿਵੀਆਂ ਸਾਂਗਾਂ ਦੇ, ਭੈ-ਭੀਤ ਨਜ਼ਾਰੇ ਦਿੱਸਣਗੇ।
ਤੇ ਟੁਕ ਟੁਕ ਬੰਦ ਬੰਦ ਹੁੰਦੇ ਵੀ, ਭਾਈ ਮਨੀ ਸਿੰਘ ਜੀ ਦਿੱਸਣਗੇ।
ਕਈ ਸੂਲੀ ਚਰਖੜੀ ਤੇਗਾਂ ਤੇ, ਲੋਹ ਸੀਖਾਂ ਭਖੀਆਂ ਚੋਭਾਂ ਤੇ,
ਸਭ ਹਸਦੇ ਨਚਦੇ ਸੂਰਬੀਰ, ਜਾ ਮੌਤ ਵਿਆਹੁੰਦੇ ਦਿੱਸਣਗੇ।੧੦।

ਇਹ ਮੋਢੀ ਧਰਮ ਇਨਸਾਫਾਂ ਦੇ, ਨ ਕਿਸੇ ਅਨਿਆਏ ਤੋਂ ਡਰਦੇ ਨੇ।
ਗੰਗਸਰ ਤੇ ਚਲਦੀ ਗੋਲੀ ਵਿਚ, ਜਾ ਛਾਤੀ ਅਗੇ ਕਰਦੇ ਨੇ।
ਭੁਜ ਜਾਵਣ ਜੀਉਂਦੇ ਜੰਡਾਂ ਨਾਲ, ਟੁਟ ਜਾਵਣ ਡਾਗਾਂ ਚੰਡਾਂ ਨਾਲ।
ਪਰ ਸ਼ਕਤੀ ਖੂਨ ਸ਼ਹੀਦਾਂ ਅਗੇ, ਇੰਜਣ ਪਾਣੀ ਭਰਦੇ ਨੇ।੧੧।

ਇਹ ਵੀਰ-ਕਹਾਣੀ ਲੰਮੀ ਹੈ, ਪਰ ਸੁਣਨੀ ਵੀ ਤੇ ਸੌਖੀ ਨਹੀਂ।
ਸਿਖ ਪੰਥ ਦੀ ਰਾਸ ਬਹੁ-ਮੁਲੀ ਇਹ,ਪਰ ਸਾਂਭ ਵੀ ਇਸ ਦੀ ਸੌਖੀ ਨਹੀਂ।
ਇਹ ਥੰਮੇ ਸਿਖੀ ਮਹਿਲਾਂ ਦੇ, ਡਰ ਤੋੜਨ ਸਭ ਭੁਚਾਲਾਂ ਦੇ,
ਇਹ ਅਣਖ,ਸਚਾਈ, ਦ੍ਰਿੜ੍ਹਤਾ ਹੈ, ਪਰ ਘਾਲ ਕਮਾਣੀ ਸੌਖੀ ਨਹੀਂ।੧੨।

ਦਿਲ ਚਾਹੁੰਦੇ ਗੁਣ ਸ਼ਹੀਦਾਂ ਦੇ, ਮੈਂ ਸਦਾ ਸਦਾ ਹੀ ਗਾਂਦਾ ਰਹਾਂ।
ਨਾ ਅੱਕਾਂ ਥੱਕਾਂ ਹੁੱਸਾਂ ਮੈਂ, ਸਦ ਜੋਤ ਸ਼ਹੀਦ ਜਗਾਂਦਾ ਰਹਾਂ।
ਨਿਤ ਫੂਲ ਸ਼ਗੁਫਤਾ ਲੈ ਲੈ ਕੇ, ਤੇ ਸਚ ਗਲਾਸੇ ਪਾ ਪਾ ਕੇ,
ਮੈਂ ਚਰਨ ਸ਼ਹੀਦ ਚੜ੍ਹਾਂਦਾ ਰਹਾਂ,ਤੇ ਪਿਆਰ ਦੇ ਗੀਤ ਸੁਣਾਂਦਾ ਰਹਾਂ।੧੩।

---

## ਲੁਧਿਆਣਾ ਵਿਖੇ ਸ੍ਰੀ ਅਖੰਡਪਾਠ ਤੇ ਰੈਣ ਸਬਾਈ ਕੀਰਤਨ

ਭਾਈ ਰਾਜਿੰਦਰ ਸਿੰਘ ਜੀ ਹੈਡ ਗ੍ਰੰਥੀ ਗੁ: ਸਿੰਘ ਸਭਾ ਮਾਡਲ ਟਾਊਨ ਲੁਧਿਆਣਾ ਇਤਲਾਹ ਦਿੰਦੇ ਹਨ ਕਿ ਉਹ ਕੋਠੀ ੧੨੬-ਐਲ ਮਾਡਲ ਟਾਊਨ ਵਿਖੇ (ਲਾਗੇ ਸ: ਬਲਬੀਰ ਸਿੰਘ ਜੀ) "ਗ੍ਰਿਹ ਪ੍ਰਵੇਸ਼" ਸਮੇਂ ੧੯ ਜੂਨ ਨੂੰ ਸਵੇਰੇ ੭ ਵਜੇ ਸ੍ਰੀ ਅਖੰਡ ਪਾਠ ਅਰੰਭ ਕਰਵਾ ਰਹੇ ਹਨ। ੨੧ ਜੂਨ ਸ਼ਨੀਵਾਰ ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ੫ ਤੋਂ ੭ ਅਖੰਡ ਕੀਰਤਨ ਹੋਣਗੇ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ। ਸਮੂਹ ਸੰਗਤਾਂ ਦਰਸ਼ਨ ਬਖਸ਼ਸ਼ ਕੇ ਨਿਵਾਜਣ।

---

## ਪਿੰਡ ਭੱਕੂ ਮਾਜਰਾ (ਰੋਪੜ) ਵਿਚ ਸਾਲਾਨਾ ਕੀਰਤਨ ਸਮਾਗਮ

ਸੂਬੇਦਾਰ ਪਿਆਰਾ ਸਿੰਘ ਸੀ ਇਤਲਾਹ ਦੇਂਦੇ ਹਨ ਕਿ ਉਨ੍ਹਾਂ ਦੇ ਪਿੰਡ ਭੱਕੂ ਮਾਜਰਾ ਜ਼ਿਲਾ ਰੋਪੜ ਵਿਚ ੨੧ ਜੂਨ ਸ਼ਨੀਵਾਰ ਨੂੰ ਸਵੇਰੇ ੫ ਵਜੇ ਸ੍ਰੀ ਅਖੰਡ ਪਾਠ ਦੇ ਭੋਗ ਪੈਣਗੇ ਅਤੇ ਦੁਪਹਿਰ ੧੨ ਵਜੇ ਤਕ ਅਖੰਡ ਕੀਰਤਨ ਹੋਣਗੇ। ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਸਮੂਹ ਸੰਗਤਾਂ ਪੁਜ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰਨ। ਚਮਕੌਰ ਸਾਹਿਬ ਤੋਂ ਆਖ਼ਰੀ ਬਸ ੬ ਵਜੇ ਅਤੇ ਰੋਪੜ ਤੋਂ ਆਖਰੀ ਬਸ ੭ ਵਜੇ ਚਲਦੀ ਹੈ।


www.AKJ.Org

# ਅਬਦਾਲੀ, ਸਿਖ ਤੇ ਵੱਡਾ ਘਲੂਘਾਰਾ

(ਕਿਸ਼ਤ ੨੨ਵੀਂ, ਲੜੀ ਜੋੜਨ ਲਈ ਵੇਖੋ 'ਸੂਰਾ' ਮਈ ੮੦)

[ਵਲੋਂ—ਕੈਪਟਿਨ ਸਵਰਨ ਸਿੰਘ ਜੀ ਘੜਿਆਲਾ]

ਅਬਦਾਲੀ ਦੇ ਸਤਵੇਂ ਹਮਲੇ ਸਮੇਂ ਕਾਜ਼ੀ ਨੂਰ ਮੁਹੰਮਦ, ਖ਼ਾਲਸੇ ਨਾਲ ਹੋਏ ਯੁੱਧ ਦੇ ਸਮਾਚਾਰ ਅਖੀਂ ਵੇਖ ਕੇ, ਆਪਣੇ ~~ਜ਼ਫ਼ਰਨਾਮੇ~~ 'ਜੰਗਨਾਮੇ' ਵਿਚ ਤਅੱਸਬੀ ਰੰਗ ਵਿਚ ਇਉਂ ਖਿਆਨ ਕਰੀ ਜਾ ਰਿਹਾ ਹੈ—

—ਸੰਪਾਦਕ

ਇੰਜ ਲੜਾਈ ਭਖ ਉਠੀ ਸੀ ਤੇ ਹੁਣ ਸਾਰੀ ਪਠਾਣੀ ਤੇ ਬਲੋਚੀ ਫ਼ੌਜ ਲੜਾਈ ਵਾਲੇ ਥਾਂ ਪਹੁੰਚ ਚੁਕੀ ਸੀ। ਬਲੋਚਾਂ ਦਾ ਸਰਦਾਰ ਮੁਹੰਮਦ ਨਸੀਰ ਖਾਨ ਬੜੇ ਜੋਸ਼ ਵਿਚ ਇਕੱਲਾ ਹੀ ਅੱਗੇ ਅੱਗੇ ਦੁਸ਼ਮਣ ਦੀਆਂ ਸਫ਼ਾਂ ਵਲ ਵਧਦਾ ਜਾਂਦਾ ਸੀ। ਇਸ ਤੋਂ ਅਗੇ ਸਿਰਫ਼ ਇਕ ਹੀ ਬਲੋਚ ਯੋਧਾ ਸੀ, ਜਿਸ ਦਾ ਨਾਮ ਮੀਰ ਅਬਦੁੱਲ ਨਬੀ ਸੀ। ਇਹ ਰਈਸਾਨੀ ਗੋਤ ਦੇ ਬਲੋਚਾਂ ਦਾ ਸਰਦਾਰ ਸੀ। ਇਹ ਨਸੀਰ ਖਾਨ ਤੋਂ ਅੱਗੇ ਇਕੱਲਾ ਹੀ ਸਿਖਾਂ ਦੀਆਂ ਸਫ਼ਾਂ ਨੂੰ ਚੀਰਦਾ ਵਢਦਾ ਤੁਰਿਆ ਜਾਂਦਾ ਸੀ ਤੇ ਇਹ ਇੰਜ ਲੱਗ ਰਿਹਾ ਸੀ ਜਿਵੇਂ ਕਿ ਕੁੱਤਿਆਂ ਵਿਚ ਕੋਈ ਸ਼ੇਰ ਆ ਵੜਿਆ ਹੋਵੇ। ਆਪਣੇ ਸਾਹਮਣੇ ਦੀ ਫੌਜ ਉਸ ਨੇ ਖੇਰੂੰ ਖੇਰੂੰ ਕਰ ਛਡੀ ਸੀ। ਏਨੇ ਨੂੰ ਇਕ ਸਿਖ ਨੇ ਇਕ ਪਾਸੇ ਦੀ ਹੋ ਕੇ ਉਸ ਦੀ ਲੱਤ ਵਿਚ ਗੋਲੀ ਮਾਰ ਦਿਤੀ, ਜਿਸ ਨਾਲ ਉਹ ਜ਼ਖਮੀ ਹੋ ਕੇ ਥਲੇ ਡਿਗ ਪਿਆ। ਉਸ ਦੇ ਸਾਥੀਆਂ ਨੇ ਅਗੇ ਵਧ ਕੇ ਉਸ ਨੂੰ ਚੁਕ ਲਿਆ ਤੇ ਲੜਾਈ ਦੇ ਮੈਦਾਨ ਵਿਚੋਂ ਬਾਹਰ ਲੈ ਗਏ।

ਜਦ ਬਲੋਚਾਂ ਦੇ ਸਰਦਾਰ ਨਸੀਰਖਾਨ ਨੇ ਇਹ ਵੇਖਿਆ ਕਿ ਰਈਸਾਨੀਆਂ ਦੇ ਸਰਦਾਰ ਮੀਰ ਅਬਦੁੱਲ ਨਬੀ ਨੂੰ ਕਾਰੀ ਫੱਟ ਵੱਜ ਗਿਆ ਹੈ ਤੇ ਉਹ ਆਪਣੀ ਨਿਸਚਤ ਥਾਂ ਨੂੰ ਮੁੜਿਆ ਜਾ ਰਿਹਾ ਹੈ ਤਾਂ ਉਸ ਦੀ ਅਣਖ ਤੇ ਮਰਦਾਨਗੀ ਨੂੰ ਜੋਸ਼ ਆਇਆ। ਉਸ ਨੇ ਘੋੜਾ ਅੱਗੇ ਵਧਾਇਆ ਤੇ ਸਿਖਾਂ ਦੇ ਐਨ ਨਜ਼ਦੀਕ ਹੀ ਜਾ ਅਪੜਿਆ। ਉਧਰੋਂ ਸਿਖਾਂ ਦੀਆਂ ਸਫ਼ਾਂ ਵਿਚੋਂ ਇਕ ਚੜ੍ਹਤੂ ਨਾਮੇ ਸਿਖ, ਜਿਸ ਦੇ ਕਿ ਗਾਤਰੇ ਵਿਚ ਹਿੰਦੀ ਤੇਗ ਪਾਈ ਹੋਈ ਸੀ, ਅਗੇ ਵਧਿਆ।*

---

* ਇਸ਼ਾਰਾ ਸ: ਚੜ੍ਹਤ ਸਿੰਘ (ਦਾਦਾ ਜੀ ਮਾਹਰਾਜਾ ਰਣਜੀਤ ਸਿੰਘ) ਵਲ ਹੈ। ਜਦ ਵੀ, ਤੇ ਜਿਥੇ ਵੀ ਸਿਖਾਂ ਦਾ ਜ਼ਿਕਰ ਕਰਨਾ ਹੁੰਦਾ ਹੈ, ਕਾਜ਼ੀ ਜੀ ਅੱਗ-ਭਬੂਕਾ ਹੋ ਜਾਂਦੇ ਹਨ ਤੇ ਉਨ੍ਹਾਂ ਦੀ ਜ਼ਬਾਨ ਗੰਦਗੀ ਦਾ ਫੁਵਾਰਾ ਬਣ ਜਾਂਦੀ ਹੈ। ਪਰ ਸ: ਚੜ੍ਹਤ ਸਿੰਘ ਦਾ ਜ਼ਿਕਰ ਕਰਨ ਲੱਗਿਆਂ ਕਾਜ਼ੀ ਜੀ ਸੜ ਕੇ ਮਨੂਰ ਹੋ ਜਾਂਦੇ ਹਨ। ਇਸ ਦੇ ਕਈ ਕਾਰਨ ਹਨ :—

ਸਿੰਘਾਂ ਨੇ ਅਫਗਾਨ ਤੇ ਬਲੋਚ ਲਸ਼ਕਰ ਉਤੇ ਅਚਨਚੇਤ ਹੱਲਾ ਸ: ਚੜ੍ਹਤ ਸਿੰਘ ਦੀ ਕਮਾਨ ਥਲੇ ਕੀਤਾ ਸੀ। ਪੈਂਦੀ ਸੱਟੇ ਲਾਹੌਰ ਅਪੜਦਿਆਂ ਜੋ ਏਨੀ ਗਰਮ-ਜੋਸ਼ੀ ਨਾਲ "ਸਵਾਗਤ" ਹੋਇਆ, ਇਸ ਨਾਲ ਕਿਲਕਾਰੀਆਂ ਮਾਰਦੇ ਗਾਜ਼ੀਆਂ ਨੂੰ ਦਿਨੇ ਤਾਰੇ ਦਿਸਣ ਲਗ ਪਏ। ਚੌਥੇ ਪੰਜਵੇਂ ਤੇ ਛੇਵੇਂ ਹਲੇ ਵਿਚ ਅਫਗਾਨ ਫ਼ੌਜ ਨੂੰ ਸਿੰਘਾਂ ਹਥੋਂ ਬੜੀ ਮਾਰ ਖਾਣੀ ਪਈ ਸੀ। ਅਫਗਾਨਾਂ ਦਾ ਨੱਕ 'ਚ ਦੰਮ ਕਰਨ ਵਾਲਿਆਂ ਸਰਦਾਰਾਂ ਵਿਚ ਸ: ਚੜ੍ਹਤ ਸਿੰਘ ਦਾ ਬਹੁਤ ਵੱਡਾ ਦਰਜਾ ਹੈ। ਨੂੰਰੁੱਦੀਨ ਖ਼ਾਨ ਬਾਮਜ਼ਈ, ਜੋ ਅਹਿਮਦਸ਼ਾਹ ਦਾ ਬੜਾ ਜਾਬਰ ਜਰਨੈਲ ਸੀ, ਸਿਖਾਂ ਨੂੰ ਸੋਧਣ ਆਇਆ ਚੜ੍ਹਤ ਸਿੰਘ ਦੇ ਹੱਥੋਂ ਬੜੀ ਮੁਸ਼ਕਲ ਨਾਲ ਜਾਨ ਬਚਾ ਕੇ ਕਸ਼ਮੀਰ ਵਲ ਨੂੰ ਭਜ ਗਿਆ ਸੀ। ਫਿਰ ਖ਼ਾਜਾ ਉਬੇਦ ਖ਼ਾਨ, ਗਵਰਨਰ ਲਾਹੌਰ, ਜੋ ਗੁਜਰਾਂਵਾਲੇ ਤੇ ਚੜ੍ਹ ਕੇ ਗਿਆ ਸੀ, ਕਿਵੇਂ ਚੜ੍ਹਤ ਸਿੰਘ ਹਥੋਂ ਮਾਰ ਖਾ ਕੇ, ਸਾਰਾ ਸਾਮਾਨ ਤੇ ਤੋਪਖ਼ਾਨਾ ਛਡ ਕੇ, ਬੁਰੀ ਤਰ੍ਹਾਂ ਹਾਰ ਕੇ ਲਾਹੌਰ ਆਣ ਵੜਿਆ ਸੀ। ਪਿਛੋਂ

(ਬਾਕੀ ਦੇਖੋ ਸਫ਼ਾ ੩੨)



www.AKJ.Org

ਜ਼ਿ ਗੈਰਤ ਜ਼ ਮਰਦਾਨਗੀ ਖ਼ੁਦ ਦਵੀਦ । ਚੁਨੀਂ ਤਾ ਬਨਜ਼ਦੀਕੇ ਸਗਹਾ ਰਸੀਦ।
ਸਗੇ ਅਜ਼ ਸਗਾਂ ਬੂਦ ਚੜਤੂ ਬਨਾਮ । ਮਿਆਂ ਤੰਗ ਬਸਤਾ ਬਹ ਹਿੰਦੀ ਹੁਸਾਮ।
ਬਰ ਆਮਦ ਜ਼ ਲਸ਼ਕਰ ਬਹ ਖਾਂ ਰੂ ਨਿਹਾਦ । ਬਰ ਅੰਗੇਖ਼ਤ ਖ਼ਾਂ ਅਸਬੇ ਖ਼ੁਦ ਬਰਕਬਾਦ।
ਜ਼ਿ ਬਸ ਖ਼ਸ਼ਮਨਾਕੀ ਚੂੰ ਆਂ ਪਾਕਜ਼ਾਦ । ਦਵੀਦਾ ਬਰਾਂ ਦੇਵ ਵਾਯੂੰ ਨਿਹਾਦ।
ਮਜਰਦ ਬਦੀਦਨ ਗਰੇ ਜਾਂ ਸ਼ੁਦਾ । ਬਫ਼ੌਜੇ ਖ਼ੁਦਸ਼ ਰਫ਼ਤ ਪਿਨਹਾਂ ਸ਼ੁਦਾ।
[ਸਫ਼ਾ ੮੭ ੮੮, ਸਤਰਾਂ ੧੪੫-੧੪੯

ਬਲੋਚਾਂ ਦਾ ਸਰਦਾਰ ਆਪਣੇ ਬਿਜਲੀ ਦੀ ਰਫ਼ਤਾਰ ਵਾਲੇ ਘੋੜੇ ਨੂੰ ਛੇੜ ਕੇ, ਬੜੇ ਗੁਸੇ ਨਾਲ ਉਸ ਬਦਬਖ਼ਤ (ਸ: ਚੜ੍ਹਤ ਸਿੰਘ) ਉਤੇ ਜਾ ਪਿਆ। ਪਰ ਉਹ ਉਸ ਨੂੰ ਵੇਖ ਕੇ ਭਜ ਨਿਕਲਿਆ ਤੇ ਆਪਣੀ ਫ਼ੌਜ ਵਿਚ ਜਾ ਲੁਕਿਆ। ਉਸ ਵੇਲੇ ਇਕ ਦੂਸਰੇ ਸਿਖ ਨੇ, ਜਿਸ ਦੇ ਕਿ ਹੱਥ ਵਿਚ ਬੰਦੂਕ ਸੀ, ਉਸ ਨੇ ਖ਼ਾਨ ਵਲ ਨਿਸ਼ਾਨਾ ਸਿਨ੍ਹ ਕੇ ਗੋਲੀ ਚਲਾਈ। ਗੋਲੀ ਨਾਲ ਖਾਨ ਦਾ ਘੋੜਾ ਡਿਗ ਪਿਆ ਤੇ ਖ਼ਾਨ ਵੀ ਜ਼ੀਨ ਤੋਂ ਥਲੇ ਆਣ ਡਿਗਾ। ਫ਼ੌਜ ਦਿਆਂ ਲੋਕਾਂ ਨੇ ਜਦ ਵੇਖਿਆ ਤਾਂ "ਬਿਸਮਿਲਾ ਬਿਸਮਿਲਾ" ਕਰਦੇ ਨੱਸ ਕੇ ਆਏ ਤੇ ਖਾਨ ਨੂੰ ਰਾਜ਼ੀ ਬਾਜ਼ੀ ਤੇ ਸਹੀ ਸਲਾਮਤ ਵੇਖ ਕੇ ਸਾਰਿਆਂ ਰੱਬ ਦਾ ਲਖ ਲਖ ਸ਼ੁਕਰ ਕੀਤਾ।

(ਸਫ਼ਾ ੩੧ ਦੇ ਫੁਟ ਨੋਟ ਦੀ ਬਾਕੀ)

ਜਹਾਨ ਖ਼ਾਨ ਦੀ ਜੋ ਬਾਬ ਹੋਈ, ਦੁਹਰਾਉਣ ਦੀ ਲੋੜ ਨਹੀਂ। ਐਸਾ ਨੱਸਿਆ ਕਿ ਟੱਬਰ ਟੀਹਰ ਵੀ ਮਗਰ ਹੀ ਛਡ ਗਿਆ ! ਸਰ ਫ਼ਰਾਜ਼ ਖ਼ਾਨ ਨੇ ਰੁਹਤਾਸ ਵਿਚ ਚੜ੍ਹਤ ਸਿੰਘ ਹਥੋਂ ਬੜੀ ਭਾਰੀ ਕੁਟ ਖਾਧੀ। ਸਰ ਬਲੰਦਖ਼ਾਨ, ਜੋ ਕਾਜ਼ੀ ਨੂਰ ਮੁਹੰਮਦ ਦੇ ਮਾਲਕ ਦੇ ਮਾਲਕ ਅਹਿਮਦ ਸ਼ਾਹ ਦਾ ਚਾਚਾ ਸੀ, ਨੂੰ ਰੁਹਤਾਸ ਵਿਖੇ ਹਰਾ ਕੇ ਬੰਦੀ ਬਣਾ ਲਿਆ ਸੀ। ਭੰਗੀਆਂ ਨਾਲ ਮਿਲ ਕੇ ਲਾਹੌਰ ਮਾਰ ਲੈਣ ਪਿਛੋਂ ਅਫ਼ਗਾਨ ਹਮਲਾਵਰਾਂ ਦੇ ਰਾਹ ਦੇ ਇਲਾਕੇ ਗੁਜਰਾਵਾਲੇ ਤੋਂ ਲੈ ਕੇ ਰਾਵਲਪਿੰਡੀ ਤੋਂ ਅੱਗੇ ਤਕ ਮੱਲ ਕੇ ਬੈਠ ਗਿਆ ਸੀ। ਇਸ ਹੁਣ ਵਾਲੇ ਸਤਵੇਂ ਹੱਲੇ ਵੇਲੇ, ਜਿਸ ਵਿਚ ਕਾਜ਼ੀ ਜੀ ਵੀ ਕਲਮ ਤੇ ਤਲਵਾਰ ਲੈ ਕੇ ਸ਼ਾਮਲ ਸਨ, ਜਿਸ ਨੇ ਪਹਿਲੀ ਵਾਰ 'ਜੀ ਆਇਆਂ" ਆਖਿਆ ਸੀ ਤੇ ਏਡਾ ਨਿੱਘਾ ਸਵਾਗਤ ਕੀਤਾ ਸੀ ਕਿ ਜਿਸ ਵਿਚ ਅਨੇਕਾਂ ਗਾਜ਼ੀ ਸੂਰਮੇ "ਬਹਿਸ਼ਤਾਂ" ਨੂੰ ਤੁਰ ਗਏ, ਉਹ ਸ: ਚੜ੍ਹਤ ਸਿੰਘ ਹੀ ਸੀ। ਇਹ ਚੰਦ ਮੋਟੇ ਮੋਟੇ ਕਾਰਨ ਹਨ ਜਿਨ੍ਹਾਂ ਕਰਕੇ ਕਾਜ਼ੀ ਸਾਹਿਬ ਸ: ਚੜ੍ਹਤ ਸਿੰਘ ਨੂੰ ਕੁਨਾਵਾਂ ਨਾਲ ਯਾਦ ਕਰਦੇ ਹਨ। ਮੈਦਾਨ ਵਿਚ ਤਲਵਾਰ ਨਾਲ ਤਾਂ ਕੁਝ ਕਰ ਨਹੀਂ ਸਕੇ, ਕਲਮ ਨਾਲ ਗੰਦਗੀ ਉਛਾਲਦੇ ਹਨ। ਸ: ਚੜ੍ਹਤ ਸਿੰਘ ਨੂੰ 'ਚੜ੍ਹਤੂ' ਕਹਿ ਕੇ ਆਪਣਾ ਭੁਜਦਾ ਹੋਇਆ ਸੀਨਾ ਠੰਡਾ ਕਰ ਰਹੇ ਹਨ।

ਸਿਖਾਂ ਨੂੰ ਗਾਲ੍ਹਾਂ ਦੇਣ ਤੇ ਗਾਜ਼ੀਆਂ ਦੀ ਉਸਤਤ ਵਿਚ ਅਤਕਥਨੀ ਕਰਨ ਵਿਚ ਏਨਾ ਲੀਨ ਹੋ ਜਾਂਦਾ ਹੈ ਕਿ ਕਈ ਵਰਨਣ ਯੋਗ ਘਟਨਾਵਾਂ ਵੀ ਅਖੋਂ ਪ੍ਰੋਖੀਆਂ ਕਰ ਜਾਂਦਾ ਹੈ। ਮਸਾਲ ਵਜੋਂ ਵੇਖੋ ਕਿ ਜਦ ਅਹਿਮਦਸ਼ਾਹ ਲਾਹੌਰ ਪੁਜਾ ਤਾਂ ਜਹਾਨ ਖ਼ਾਨ ਨੇ ਲਾਹੌਰ ਦੇ ਗਵਰਨਰ ਕਾਬਲੀ ਮੱਲ ਵਿਰੁਧ ਕਸਾਈਆਂ ਦੇ ਨੱਕ ਵਢਣ ਤੇ ਸਿਖਾਂ ਨਾਲ ਅੰਦਰ-ਖ਼ਾਨਿਓਂ ਮਿਲੀ ਭੁਗਤ ਦੀ ਸ਼ਿਕਾਇਤ ਕੀਤੀ। ਨਾਲ ਹੀ ਸਫ਼ਾਰਸ਼ ਕੀਤੀ ਕਿ ਇਸ ਨੂੰ ਗਵਰਨਰੀ ਤੋਂ ਲਾਹਿਆ ਜਾਵੇ। ਪੜਤਾਲ ਕੀਤੀ ਗਈ ਤੇ ਕਾਬਲੀ ਮੱਲ ਬੇ-ਗੁਨਾਹ ਸਾਬਤ ਹੋਇਆ। ਨਾਲੇ ਕਾਜ਼ੀ ਇਦਰੀਸ ਨੇ ਬੁਚੜਾਂ ਦੇ ਨੱਕ ਵਢਣ ਦੀ ਘਟਨਾ ਨੂੰ ਹਾਲਾਤ ਦੇ ਤਹਿਤ ਸ਼ਹਿਰ ਦੇ ਬਚਾਉਣ ਲਈ ਸਿਆਣੀ ਤੇ ਸਫਲ ਨੀਤੀ ਦਸਿਆ। ਕਾਬਲੀ ਮਲ ਦੇ ਇਸ ਕਦਮ ਨੂੰ ਯੋਗ ਦਸਿਆ। ਇਹ ਦਲੀਲ ਪਾਤਸ਼ਾਹ ਦੇ ਮੰਨਣ 'ਚ ਆ ਗਈ ਤੇ ਉਸ ਨੂੰ (ਕਾਬਲੀ ਮੱਲ ਨੂੰ) ਲਾਹੌਰ ਦੀ ਗਵਰਨਰੀ ਉਤੇ ਕਾਇਮ ਰਹਿਣ ਦਿਤਾ। ਕਾਬਲੀ ਮੱਲ ਦੇ ਭਾਣਜੇ ਅਮੀਰ ਸਿੰਘ ਨੂੰ ਫ਼ੌਜ ਦਾ ਬਖ਼ਸ਼ੀ ਬਣਾਇਆ ਗਿਆ। ਲਾਹੌਰ ਦਾ ਪਰਬੰਧ ਆਪਣੇ ਪੁਤਰ ਜਗਨ ਨਾਥ ਤੇ ਅਮੀਰ ਸਿੰਘ ਦੇ ਹਵਾਲੇ ਕਰ ਕੇ ਕਾਬਲੀ ਮੱਲ ਪਾਤਸ਼ਾਹ ਨਾਲ ਮੁਹਿੰਮ ਵਿਚ ਸ਼ਾਮਲ ਹੋ ਗਿਆ ਤੇ ਮੁਹਿੰਮ ਦਾ ਸਾਰਾ ਸਮਾਂ ਨਾਲ ਰਿਹਾ। ਕਾਜ਼ੀ ਜੀ ਇਸ ਬਾਰੇ ਤੇ ਇਹੋ ਜਿਹੇ ਹੋਰ ਅਨੇਕਾਂ ਅਹਿਮ ਵਾਕਿਆਂ ਬਾਰੇ ਖ਼ਾਮੋਸ਼ ਹਨ।


www.AKJ.Org

ਜੇਕਰ ਉਸ ਦਾ ਘੋੜਾ ਉਸ ਉਤੋਂ ਕੁਰਬਾਨ ਨਾ ਹੋ ਜਾਂਦਾ ਤਾਂ ਰੱਬ ਹੀ ਜਾਣਦਾ ਹੈ ਕਿ ਉਸ ਦੀ ਜਾਨ ਤੇ ਕੀ ਵਾਪਰਦੀ। ਸਵਾਰ ਤੇ ਘੋੜੇ ਦੇ ਜ਼ਮੀਨ ਉਤੇ ਡਿਗਣ ਤੇ ਅਾਸਮਾਨ ਨੇ ਵੀ ਵਾਹ ਵਾਹ ਕੀਤੀ ਤੇ ਆਖਿਆ ਕਿ "ਐ ਖ਼ਾਨ, ਰਬ ਨੇ ਤੈਨੂੰ ਦੀਨ ਲਈ ਜੰਗ ਕਰਨ ਦਾ ਫਲ (ਸਵਾਬ, ਪੁੰਨ) ਦੇ ਦਿਤਾ ਹੈ, (ਯਾਨੀ ਉਸ ਦੀ ਜਾਨ ਜੋ ਬਚ ਗਈ ਸੀ)। ਲਓ ਜੀ! ਭਲਾ ਸਰਦਾਰਾ ਲਈ ਇਹ ਕੋਈ ਚੰਗੀ ਗੱਲ ਹੈ ਕਿ ਉਹ ਇਕੱਲ-ਮੁਕਲੇ (ਤਨ-ਤਨਹਾ) ਵੈਰੀ ਦਲ ਉਤੇ ਜਾ ਪੈਣ। ਪਰ ਰੱਬ ਜਿਸ ਦਾ ਰਾਖਾ ਹੋਵੇ ਉਸ ਨੂੰ ਤਕੜੇ ਤੋਂ ਤਕੜਾ ਵੈਰੀ ਵੀ ਨਹੀਂ ਮਾਰ ਸਕਦੇ। ਜੇਕਰ ਉਸ ਦਿਨ ਖ਼ਾਨ ਦੇ ਹੱਥ ਵਿਚ ਉਸ ਦੀ ਬੰਦੂਕ ਹੁੰਦੀ ਤਾਂ ਉਹ ਬੇਹਿਸਾਬ ਕਾਫ਼ਰਾਂ ਨੂੰ ਨਰਕੀਂ ਪਹੁੰਚਾ ਦੇਂਦਾ। ਪਰ ਅਜਬ ਗੱਲ ਇਹ ਹੈ ਕਿ ਜਿਸ ਬੰਦੂਕ ਦਾ ਉਸ ਨੇ ਕਦੇ ਵਸਾਹ ਨਹੀਂ ਸੀ ਕੀਤਾ, ਜਿਸ ਨੂੰ ਹਮੇਸ਼ਾ ਆਪਣੇ ਪਹਿਲੂ ਨਾਲ ਲਾਈ ਰਖਦਾ ਸੀ, ਆਪਣੇ ਗ਼ਮ-ਗ਼ਸਾਰ ਵਾਂਗ ਪਲ ਭਰ ਲਈ ਵੀ ਨਜ਼ਰੋਂ ਉਹਲੇ ਨਹੀਂ ਸੀ ਹੋਣ ਦੇਂਦਾ, ਧਰਮ-ਯੁਧ ਦੇ ਚਾਉ ਵਿਚ ਉਸ ਨੂੰ ਆਪਣੇ ਡੇਰੇ ਹੀ ਭੁਲ ਆਇਆ। ਉਹਨੂੰ ਜਦ ਲੜਾਈ ਦੀ ਖ਼ਬਰ ਮਿਲੀ ਤਾਂ ਸੁਣਦੇ-ਸਾਰ ਹੀ ਚਾਉ ਤੇ ਜੋਸ਼ ਵਿਚ ਤੀਰ ਕਮਾਨ ਤੇ ਭਾਲਾ ਚੁਕਕੇ ਲੜਾਈ ਵਾਲੀ ਥਾਂ ਨੂੰ ਤੇਜ਼ੀ ਨਾਲ ਧਾ ਕੇ ਆ ਗਿਆ।

ਮੁਕਦੀ ਗੱਲ ਇਹ ਕਿ ਜਦ ਘੋੜੇ ਦੇ ਮਰਨ ਕਾਰਨ ਖ਼ਾਨ ਭੁੰਜੇ ਆਣ ਡਿਗਾ ਤਾਂ ਐਨ ਇਸ ਵੇਲੇ ਉਸ ਦੇ ਦੋ ਨੌਕਰਾਂ—ਮੁਹੰਮਦ ਹੁਸੈਨ ਤੇ ਮੀਰ ਮੰਗਾ ਨੇ, ਜਿਨ੍ਹਾਂ ਪਾਸ ਬੰਦੂਕਾਂ ਸਨ, ਉਸ ਸਿਖ ਉਤੇ (ਜਿਸ ਨੇ ਗੋਲੀ ਮਾਰੀ ਤਾਂ ਖ਼ਾਨ ਨੂੰ ਸੀ, ਪਰ ਦੇਵਨੇਤ ਨਾਲ ਉਹ ਘੋੜੇ ਨੂੰ ਲੱਗ ਗਈ) ਦੋਵੇਂ ਬੰਦੂਕਾਂ ਚਲਾ ਦਿਤੀਆਂ। ਇਕ ਦੀ ਗੋਲੀ ਸਿਖ ਨੂੰ ਤੇ ਦੂਸਰੇ ਦੀ ਘੋੜੇ ਨੂੰ ਵੱਜੀ ਤੇ ਉਹ ਦੋਵੇਂ ਹੀ ਮਰ ਗਏ। ਏਨੇ ਚਿਰ ਨੂੰ ਪਿਛੋਂ ਸਾਰਾ ਲਸ਼ਕਰ ਵੀ ਰਣ-ਤੱਤੇ ਵਿਚ ਪਹੁੰਚ ਗਿਆ। ਸਿਖ ਮੈਦਾਨ ਛੱਡ ਕੇ ਨੱਸ ਤੁਰੇ, ਜਿਨ੍ਹਾਂ ਦੇ ਮਗਰ ਸੂਰਮੇ ਮਾਰੋ-ਮਾਰ ਕਰਦੇ ਅੱਗੇ ਹੀ ਅੱਗੇ ਵਧਦੇ ਗਏ।

## ਸਿਖਾਂ ਨੂੰ ਵਧ ਵਧ ਕੇ ਮਾਰਨ ਵਾਲੇ ਕੁਝ ਕੁ ਜਵਾਨ ਗਾਜ਼ੀ—

ਇਕ ਮੀਰ ਮਜ਼ਾਰ ਮੁਹੰਮਦ† ਸੀਨੀ ਨਾਮ ਦਾ ਸੂਰਬੀਰ ਸੀ, ਜੋ ਸਿਖਾਂ ਉਤੇ ਬੜਾ ਵਧ ਵਧ ਕੇ ਹਲੇ ਕਰ ਰਿਹਾ ਸੀ ਤੇ ਕੋਈ ਵੀ ਸਿਖ ਉਸ ਅਗੇ ਅੜਦਾ ਨਹੀਂ ਸੀ। ਉਸ ਦੇ ਵਾਰ ਜ਼ਰਆ-ਬਕਤਰਾਂ (ਸੰਜੋਆਂ—ਚਿਲਤਿਆਂ) ਤੇ ਇੰਜ ਪੈਂਦੇ ਸਨ ਕਿ ਵੈਰੀ ਦੇ ਹੱਡ ਵੀ ਚਿਲਤਿਆਂ ਦੇ ਨਾਲ ਹੀ ਭੋਰਾ ਭੋਰਾ ਹੋ ਜਾਂਦੇ ਸਨ—

ਜ਼ਿਰ੍ਹਾ ਪੋਸ਼ ਰਾ ਗੁਰਜ਼ੇ ਵੋ ਤੇਗ਼ ਤੇਜ਼। ਸੁਦੇ ਦਿਰਆ ਵ ਹਮ ਉਸਤਖ਼ਾਂ ਰੇਜ਼ ਰੇਜ਼।
ਚੂੰ ਬਰ ਫ਼ਰਕ ਸ਼ੇਰਾਂ ਜ਼ਦੇ ਖ਼ੰਜਰਸ਼। ਬ-ਖ਼ੂੰਨ ਗ਼ਰਕ ਕਰਦੇ ਸਰੋ ਪੀਕਰਸ਼।

[ਸਫ਼ਾ ੯੦, ਸਤਰਾਂ ੧੫–੧੬

ਇਕ ਸਿਖ ਨੇ ਸਿੰਨ੍ਹ ਕੇ ਐਸੀ ਗੋਲੀ ਜੁ ਮਾਰੀ ਕਿ ਉਹ ਸ਼ੇਰ ਬਹਾਦਰ ਘੋੜੇ ਤੋਂ ਭੁੰਜੇ ਆਣ ਪਿਆ। ਲਉ ਜੀ, ਭਲਾ ਇਹ ਵੀ ਕੋਈ ਲੜਾਈ ਹੈ! ਇਕ ਮਾਰੀ ਦੂਰੋਂ ਗੋਲੀ ਤੇ ਸੂਰਮੇ ਨੂੰ ਬਹਿਸ਼ਤਾਂ ਵਿਚ ਪਹੁੰਚਾ ਦਿਤਾ! ਜੇ ਕਿਤੇ ਹੁੰਦੀ ਲੜਾਈ ਤੇਗ ਦੀ, ਤੇ ਫਿਰ ਵੇਂਹਦਿਉ ਉਹ ਕਿੰਨੇ ਸਿਖਾਂ ਨੂੰ ਥਾਂ ਤੇ ਰਖਦਾ ਸੀ।

ਇਸ ਮੀਰ ਮਜ਼ਾਰ ਦੇ ਨਾਲ ਦਾ ਇਕ ਹੋਰ ਗਾਜ਼ੀ ਸੀ, ਬੜਾ ਉਘਾ ਜੰਗ-ਜੂ ਸੀ, ਉਸ ਦਾ ਨਾਮ ਹਾਜੀ ਸੀ। ਇਸ ਨੂੰ ਵੀ ਇਕ ਸਿਖ ਦੀ ਗੋਲੀ ਲਗੀ ਤੇ ਇਹ ਹੱਕ ਸੱਚ ਦੀ ਦਰਗਾਹ ਵਿਚ ਸੁਰਖ਼-ਰੂ ਹੋ ਕੇ ਪਹੁੰਚਿਆ। ਮੁੱਲਾਜ਼ਈਆਂ ਸੂਰਮਿਆਂ ਵਿਚੋਂ ਇਕ "ਜਲਾਮਈ" ਨਾਮ ਦਾ ਗਭਰੂ ਸੀ। ਇਹ ਇਸ ਦਿਨ ਬਲੋਚਾਂ ਦੇ ਖ਼ਾਨ ਦੇ ਅੱਗੇ ਅੱਗੇ ਹੋ ਕੇ ਸਿਖਾਂ ਦੇ ਮਗਰ ਪਿਆ। ਐਨ ਉਦੋਂ ਹੀ ਮਗਰਲੇ ਪਾਸਿਓਂ ਦੋ ਤੀਰ ਉਸ ਨੂੰ ਵੱਜੇ ਤੇ ਉਹ ਡਿਗ ਪਿਆ। ਜਿਸ ਕਰਕੇ ਉਸ ਦੇ ਸਾਥੀ ਉਸ ਨੂੰ ਮੈਦਾਨ-ਏ-ਜੰਗ ਵਿਚੋਂ ਚੁਕ ਕੇ ਬਾਹਰ ਲੈ ਗਏ। ਉਹ ਅਫ਼ਸੋਸ ਨਾਲ "ਹਾਇ, ਹਾਇ" ਕਰਦਾ ਜਾਂਦਾ ਸੀ ਕਿ ਸਿਖ ਮੈਥੋਂ ਅੱਗੇ ਹੀ ਅੱਗੇ

† "ਮਜ਼ਾਰ"—ਬਲੋਚਾਂ ਦੀ ਬੋਲੀ ਵਿਚ ਮਜ਼ਾਰ "ਜਵਾਨ ਸ਼ੇਰ" ਨੂੰ ਕਹਿੰਦੇ ਹਨ।



www.AKJ.Org

ਨਸਦੇ ਗਏ, ਕੋਈ ਵੀ ਸਿਖ ਮੇਰੀ ਤੇਗ ਦੀ ਮਾਰ ਥਲੇ ਨਾ ਆਇਆ।

ਬੰਗਲਜ਼ਈ ਗੋਤ ਦਾ ਇਕ ਯੋਧਾ ਗੁਲਾਮ ਹੁਸੈਨ ਤਕੜਾ ਲੰਮਾ ਸਰੂ ਕਦ ਜਵਾਨ ਸੀ। ਇਹ ਬੜਾ ਸਿਆਣਾ ਤੇ ਮਿੱਠੀ ਜ਼ਬਾਨ ਵਾਲਾ ਗਭਰੂ ਸੀ। ਇਸ ਲੜਾਈ ਵਿਚ ਉਸ ਨੇ ਇਕ ਸਿਖ ਕਾਫ਼ਰ ਉਤੇ ਆਪਣੀ ਬੰਦੂਕ ਦੀ ਸ਼ਿਸਤ ਬਧੀ ਤਾਂ ਉਸ ਸਿਖ ਨੇ ਉਸ ਨੂੰ ਲਲਕਾਰ ਕੇ ਆਖਿਆ, ਜੇ ਤੂੰ ਮਰਦ ਹੈਂ ਤਾਂ ਘੋੜੇ ਤੋਂ ਉਤਰ ਕੇ ਪਿਆਦਾ ਹੋ ਕੇ ਬੰਦੂਕ ਤੋਂ ਬਿਨਾ ਮੇਰੇ ਨਾਲ ਜ਼ਰਾ ਦੋ ਹਥ ਕਰ ਕੇ ਵੇਖ ਲੈ।''

ਇਹ ਗੱਲ ਸੁਣ ਕੇ ਖਾਨ ਦੀ ਗ਼ੈਰਤ ਨੂੰ ਜੋਸ਼ ਆ ਗਿਆ ਤੇ ਉਹ ਝਟ ਘੋੜੇ ਤੋਂ ਉਤਰ ਕੇ ਉਸ ਵਲ ਵਧਿਆ। ਜਾਂਦਿਆਂ ਹੀ ਉਸ ਨੇ ਉਸ ਸਿਖ ਨੂੰ ਧਰਤੀ ਉਤੇ ਸੁਟ ਲਿਆ ਤੇ ਉਸ ਦੇ ਉਤੇ ਚੜ੍ਹ ਬੈਠਾ। ਸਿਖ ਨੇ ਹੇਠੋਂ ਉਸ ਦੇ ਖੰਜਰ ਨੂੰ ਹਥ ਪਾਇਆ ਕਿ ਛੇਤੀ ਨਾਲ ਉਸ ਜਵਾਨ ਦੀ ਕਮਰ ਨਾਲੋਂ ਧੂ ਕੇ ਉਸ ਦੇ ਮਾਰੇ, ਪਰ ਉਸ ਸੂਰਮੇ ਨੇ ਸਿਖ ਦਾ ਹੱਥ ਫੜ ਲਿਆ। ਜਦ ਕੱਸ ਕੇ ਫੜਿਆ ਹੋਇਆ ਹੱਥ ਉਸ ਤੋਂ ਛੁਟ ਨਾ ਸਕਿਆ ਤਾਂ ਉਸ ਨੇ ਉਸ ਦੇ ਹਥ ਉਤੇ ਚੱਕ ਮਾਰਿਆ। ਇਸ ਤੇ ਸੂਰਮੇ ਨੂੰ ਬੜਾ ਗੁੱਸਾ ਆ ਗਿਆ। ਉਸ ਨੇ ਝਟ ਆਪਣਾ ਹੱਥ ਉਸ ਭ੍ਰਿਸ਼ਟੇ ਸਿਖ ਦੇ ਮੂੰਹ ਵਿਚੋਂ ਕਢ ਕੇ ਆਪਣੇ ਖੰਜਰ ਨਾਲ ਉਸ ਦਾ ਸਿਰ ਵਢ ਸੁਟਿਆ। ਇਸ ਸੂਰਮੇ ਨੂੰ ਜਣਨ ਵਾਲੀ ਨੂੰ ਹਜ਼ਾਰ ਆਫ਼ਰੀਨ ! ਜਿਸ ਨੇ ਐਸਾ ਪੁਤ ਪੈਦਾ ਕੀਤਾ ਕਿ ਉਹ ਗ਼ੈਰਤ ਵਿਚ ਆ ਕੇ ਘੋੜਿਓਂ ਉਤਰ ਕੇ ਪਿਆਦਾ ਹੋ ਕੇ ਲੜਨ ਗਿਆ। ਨਹੀਂ ਤਾਂ ਇਹੋ ਜਿਹੇ ਭ੍ਰਿਸ਼ਟੇ ਨੂੰ ਦੂਰੋਂ ਹੀ ਗੋਲੀ ਮਾਰ ਕੇ ਨਿਬੇੜ ਸਕਦਾ ਸੀ।

ਸਾਲੂਸੀਆਂ ਦਾ ਸਰਦਾਰ ਇਕ ਚੜ੍ਹਦੀ ਜਵਾਨੀ ਵਾਲਾ ਗਭਰੂ ਸੀ ਤੇ ਰਣ-ਭੂਮੀ ਵਿਚ ਤੁੰਦ ਸ਼ੇਰ ਵਾਂਗ ਫਿਰਦਾ ਸੀ। ਇਸ ਦਾ ਨਾਮ ਬਹਾਦਰ ਸੀ। ਉਹ ਵੀ ਬੜੀ ਬਹਾਦਰੀ ਨਾਲ ਸਿਖਾਂ ਦੇ ਮਗਰ ਪਿਆ। ਇਸ ਨੇ ਇਕ ਸਿਖ ਨੂੰ ਘੋੜੇ ਤੋਂ ਥਲੇ ਸੁਟ ਦਿਤਾ। ਉਸ ਵੇਲੇ ਇਕ ਹੋਰ ਸਿਖ ਨੇ ਚੋਰੀ ਨਾਲ ਉਸ ਨੂੰ ਗੋਲੀ ਮਾਰੀ, ਜਿਸ ਨਾਲ ਇਹ ਘੋੜੇ ਤੋਂ ਡਿਗ ਪਿਆ ਤੇ ਸ਼ਹੀਦ ਹੋ ਗਿਆ। ਲਹਿਰੀ ਕਬੀਲੇ ਦਾ ਸਰਦਾਰ ਇਕ ਜਲਾਲਾ ਨਾਮ ਦਾ ਬੜਾ ਸੁੰਦਰ ਗਭਰੂ ਸੀ। ਇਹ ਬੜਾ ਯੋਧਾ ਸੀ ਤੇ ਸਿਖਾਂ ਮਗਰ ਸ਼ੇਰਾਂ ਵਾਂਗ ਫਿਰਦਾ ਸੀ। ਇਸ ਨੇ ਗੋਲੀ ਮਾਰ ਕੇ ਇਕ ਸਿਖ ਨੂੰ ਦੋਜ਼ਖ ਪਹੁੰਚਾਇਆ। ਓਦੋਂ ਹੀ ਇਕ ਹੋਰ ਸਿਖ ਉਸ ਤੇ ਹਮਲੇ ਲਈ ਦੌੜਿਆਂ। ਉਸ ਨੂੰ ਜਲਾਲ ਨੇ ਤਲਵਾਰ ਨਾਲ ਦੋ ਡੱਕਰੇ ਕਰ ਸੁਟਿਆ। ਐਨ ਓਦੋਂ ਹੀ ਇਕ ਹੋਰ ਸਿਖ ਇਸ ਉਤੇ ਆਣ ਪਿਆ, ਜਿਸ ਦੀ ਗੋਲੀ ਖਾ ਕੇ ਇਹ ਡਿਗ ਪਿਆ ਤੇ ਬਹਿਸ਼ਤੀਂ ਜਾ ਅੱਪੜਿਆ। ਅਫ਼ਸੋਸ ਹੈ ਕਿ ਕਾਫ਼ਰ ਦੂਰੋਂ ਹੀ ਗੋਲੀ ਮਾਰ ਕੇ ਗਾਜ਼ੀਆਂ ਨੂੰ ਸ਼ਹੀਦ ਕਰ ਦੇਂਦੇ ਸਨ, ਜੇਕਰ ਤਲਵਾਰ ਦੀ ਲੜਾਈ ਲੜਦੇ ਤਾਂ ਜਹਾਨ ਇਕ ਤਮਾਸ਼ਾ ਵੇਂਹਦਾ !

ਮੀਰ ਬਰਫ਼ੀ (ਬਰਖ਼ੀ ?)‡ ਬੜਾ ਦਲੇਰ ਸਵਾਰ ਤੇ ਨੇਜ਼ੇ ਦੀ ਲੜਾਈ ਦਾ ਚੰਗਾ ਮਾਹਿਰ ਸੀ। ਉਹ ਰਣ ਭੂਮੀ ਵਿਚ ਤੁੰਦ ਸ਼ੇਰ ਵਾਂਗ ਫਿਰ ਰਿਹਾ ਸੀ ਤੇ ਨੇਜ਼ੇ-ਬਾਜ਼ੀ ਦੇ ਜੌਹਰ ਵਿਖਾ ਰਿਹਾ ਸੀ। ਇਹੋ ਜਿਹਾ ਕੋਈ ਹੋਰ ਹੁਨਰਵਰ ਸਵਾਰ ਨਜ਼ਰ ਨਹੀਂ ਸੀ ਆ ਰਿਹਾ। ਇਕ ਸਿਖ ਉਸ ਦੇ ਸਾਹਮਣੇ ਆਇਆ ਤੇ ਉਸ ਨਾਲ ਉਲਝ ਪਿਆ। ਇਸ ਸੂਰਮੇ ਮੀਰ ਬਰਫ਼ੀ ਨੇ ਉਸ ਸਿਖ ਨੂੰ ਆਪਣੇ ਨੇਜ਼ੇ ਨਾਲ ਘੋੜੇ ਉਤੋਂ ਹੀ ਅੜੁੰਬ

‡ ਜੰਗਨਾਮਾ ਤਸਨੀਫ਼ ਕਾਜ਼ੀ ਨੂਰ ਮੁਹੰਮਦ, ਜਿਸ ਦਾ ਹਾਸ਼ੀਆ ਤੇ ਤਨਕੀਹ (ਨੋਟ ਤੇ ਟਿਪਣੀ) ਡਾ: ਗੰਡਾ ਸਿੰਘ ਜੀ ਵਲੋਂ ਲਿਖੇ ਗਏ ਹਨ ਤੇ ਸਿਖ ਹਿਸਟਰੀ ਰੀਸਰਚ ਡਿਪਾਰਟਮਿੰਟ ਖਾਲਸਾ ਕਾਲਜ ਅੰਮ੍ਰਿਤਸਰ ਵਲੋਂ ਮਈ ੧੯੩੯ ਈ: ਵਿਚ ਛਪਿਆ ਸੀ, ਦੇ ਸਫ਼ਾ ੬੪, ਫ਼ਾਰਸੀ ਰਸਮੁਲਖ਼ਤ ਵਿਚ ਮੀਰ ਬਰਖ਼ੀ ਲਿਖਿਆ ਹੈ। ਪਰ ਸ: ਕਰਮ ਸਿੰਘ ਜੀ ਦੀ ਇਤਿਹਾਸਕ ਖੋਜ (ਜੋ ਗਿ: ਹੀਰਾ ਸਿੰਘ ਨੇ ਸੰਪਾਦਤ ਕੀਤੀ ਤੇ ਸ਼੍ਰੋ: ਗੁ: ਪ੍ਰ: ਕ: ਵਲੋਂ ਛਪੀ ਹੈ) ਵਿਚ ''ਮੀਰ ਬਰਫ਼ੀ'' ਲਿਖਿਆ ਹੈ।

ਡਾ: ਗੰਡਾ ਸਿੰਘ ਜੀ ਦੀ ਪ੍ਰਸਿਧ ਪੁਸਤਕ ਅਹਿਮਦਸ਼ਾਹ ਦੁਰਾਨੀ (ਅੰਗਰੇਜ਼ੀ ਵਿਚ) ਦੇ ਸਫ਼ਾ ੨੯੯ ਉਤੇ ਵੀ ਇਸ ਨੂੰ ''ਮੀਰ ਬਰਫ਼ੀ'' ਹੀ ਲਿਖਿਆ ਹੈ।



www.AKJ.Org

ਲਿਆ ਤੇ ਜਹੱਨਮ ਨੂੰ ਭੇਜ ਦਿਤਾ। ਪਰ ਏਸ ਖਹਿ ਤੇ ਉਲਝਾ ਵਿਚ ਉਸ ਦਾ ਨੇਜ਼ਾ ਹਥੋਂ ਡਿਗ ਪਿਆ। 'ਮੁਲਾਦਾਰ' ਵੀ ਨੇਜ਼ਾ ਹੱਥ ਵਿਚ ਲੈ ਕੇ ਲੋਹੜੇ ਦੇ ਹੱਲੇ ਕਰ ਰਿਹਾ ਸੀ। ਗੁਸੇ ਵਿਚ ਆਏ ਸ਼ੇਰ ਵਾਂਗ ਇਹ ਜਿਧਰ ਨੂੰ ਵੀ ਪੈਂਦਾ ਸੀ, ਕੋਈ ਸਿਖ ਇਸ ਦੇ ਮੁਕਾਬਲੇ ਤੇ ਨਹੀਂ ਸੀ ਖਲੋਂਦਾ। ਇਕ ਸਿਖ ਦੂਰੋਂ ਹੀ ਬੰਦੂਕ ਚਲਾਉਂਦਾ ਸੀ। ਜਦ ਇਸ ਨੇ ਵੇਖਿਆ ਕਿ ਕੋਈ ਵੀ ਇਸ ਦੇ ਮੁਕਾਬਲੇ ਤੇ ਨਹੀਂ ਆ ਰਿਹਾ ਤਾਂ ਇਸ ਨੇ ਘੋੜੇ ਨੂੰ ਛੇੜਿਆ ਤੇ ਨੇਜ਼ੇ ਨਾਲ ਘੋੜੇ ਤੇ ਹੀ ਸਿਖ ਨੂੰ ਵਿੰਨ੍ਹ ਕੇ ਐਸਾ ਉਲਟਾ ਕੇ ਧਰਤੀ ਉਤੇ ਮਾਰਿਆ ਕਿ ਲਗਦਾ ਸੀ ਜਿਵੇਂ ਉਹ ਹੈ ਈ ਨਹੀਂ ਸੀ। ਫਿਰ ਉਸ ਦੇ ਹਥਿਆਰ ਉਸ ਦੇ ਜਿਸਮ ਤੋਂ ਲਾਹ ਕੇ ਆਪਣੇ ਕਬਜ਼ੇ ਵਿਚ ਕਰ ਲਏ। ਇਹ ਨਜ਼ਾਰਾ ਵੇਖ ਕੇ ਸਾਰੇ ਸਿਖ ਹੈਰਾਨ ਪਰੇਸ਼ਾਨ ਰਹਿ ਗਏ।

ਫਤੂਹੀ ਦਾਰੋਗਾ ਵੀ ਹੱਥ ਵਿਚ ਤੇਗ ਲਈ ਮਸਤ ਸ਼ੇਰ ਵਾਂਗ ਰਣ-ਭੂਮੀ ਵਿਚ ਫਿਰਦਾ ਸੀ ਤੇ ਆਪਣੇ ਜੌਹਰ ਵਿਖਾ ਰਿਹਾ ਸੀ। ਇਕ ਸਿਖ ਨਾਲ ਇਸ ਦੀ ਝੜਪ ਹੋਈ ਤੇ ਉਸ ਨੂੰ ਇਸ ਨੇ ਥਲੇ ਡੇਗ ਲਿਆ ਤੇ ਉਸ ਦਾ ਸਿਰ ਆਪਣੀ ਤਲਵਾਰ ਨਾਲ ਵਢ ਲਿਆ। ਇਸ ਤਰ੍ਹਾਂ ਜਿੰਨੇ ਹੋਰ ਬਰੂਹੀ ਖਿਤਮਤਗਾਰ ਤੇ ਸਰਦਾਰ ਸਨ, ਇਸ ਲੜਾਈ ਵਿਚ ਵਧ ਚੜ੍ਹ ਕੇ ਲੜੇ ਤੇ ਕਿਸੇ ਨੇ ਵੀ ਆਪਣੇ ਵਲੋਂ ਕੋਈ ਕਸਰ ਜਾਂ ਢਿਲ ਨਹੀਂ ਸੀ ਛਡੀ।

## ਕਾਜ਼ੀ ਨੂਰ ਮੁਹੰਮਦ ਵੀ ਰਣ-ਭੂਮੀ ਵਿਚ–

ਇਸ ਦਿਨ ਮੈਂ ਵੀ ਰਣ ਵਿਚ ਮੌਜੂਦ ਸਾਂ ਤੇ ਇਸ ਲੜਾਈ ਦਾ ਤਮਾਸ਼ਾ ਆਪਣੀ ਅਖੀਂ ਵੇਖਦਾ ਰਿਹਾ। ਮੇਰੇ ਇਕ ਹੱਥ ਵਿਚ ਤੇਗ ਤੇ ਦੂਸਰੇ ਹਥ ਵਿਚ ਕਲਮ ਸੀ। ਮੈਂ ਵੀ ਸਿਖਾਂ ਦੇ ਮਗਰ ਪੈ ਕੇ ਹਲੇ ਕਰਦਾ ਸਾਂ। ਗਾਜ਼ੀਆਂ ਦੀ ਦਲੇਰੀ ਤੇ ਮਰਦਾਨਗੀ ਦੇ ਕਿਆ ਕਹਿਣੇ! ਇਕ ਸਿਖ ਤਲਵਾਰ ਸੂਤ ਕੇ ਮੇਰੇ ਵਲ ਤੇਜ਼ੀ ਨਾਲ ਵਧਿਆ। ਪਰ ਐਨ ਉਸੇ ਵੇਲੇ ਇਕ ਬਰੂਹੀ ਜਵਾਨ ਨੇ ਐਸੀ ਗੋਲੀ ਮਾਰੀ ਕਿ ਉਹ ਸਿਖ ਘੋੜੇ ਤੋਂ ਡਿੱਗ ਕੇ ਉਸੇ ਵੇਲੇ ਮਰ ਗਿਆ ਤੇ ਨਰਕਾਂ ਦੇ ਰਾਹ ਪਿਆ। ਮੈਨੂੰ ਅਫ਼ਸੋਸ ਹੈ ਕਿ ਉਸ ਬਰੂਹੀ ਜਵਾਨ ਦਾ ਮੈਨੂੰ ਪਤਾ ਨਹੀਂ, ਨਹੀਂ ਤਾਂ ਮੈਂ ਉਸ ਦੀ ਵੀ ਉਸਤਤ ਕਰਦਾ। ਖ਼ੁਦਾਵੰਦ ਪਾਕ ਨੇ ਸ਼ਮਸ਼ੇਰ ਪਠਾਣਾਂ ਲਈ ਬਣਾਈ ਹੈ ਜਾਂ ਬਲੋਚਾਂ ਲਈ। ਹੋਰ ਕੋਈ ਸ਼ਮਸ਼ੇਰ ਵਾਹੁਣ ਵਿਚ ਇਹਨਾਂ ਦੀ ਬਰਾਬਰੀ ਨਹੀਂ ਕਰ ਸਕਦਾ।

ਗੱਲ ਕੀ, ਜਦ ਰਾਤ ਪੈ ਗਈ ਤਾਂ ਸਿਖ ਨਜ਼ਰੋਂ ਗਾਇਬ ਹੋ ਗਏ।* ਬਲੋਚਾਂ ਦਾ ਸਰਦਾਰ ਤੇ

* ਕਾਜ਼ੀ ਜੀ ਦਸਦੇ ਹਨ ਕਿ ਲੜਾਈ ਸੂਰਜ ਚੜ੍ਹੇ ਤੋਂ ਸ਼ੁਰੂ ਹੋਈ ਤੇ ਡੁਬੇ ਤਕ ਹੁੰਦੀ ਰਹੀ। "ਮ-ਆ ਅਲ-ਕਿੱਸਾ ਚੂੰ ਵਕਤੇ ਸ਼ਬਦਰ ਰਸੀਦਾ ਸ਼ੁਦੰਦ ਆਂ ਸਗਾਂ ਅਜ਼ ਨਜ਼ਰ ਨਾ ਪਦੀਦ।" ਕਾਜ਼ੀ ਜੀ ਨਸੀਰ ਖ਼ਾਨ ਦੀ ਤਾਰੀਫ਼ ਦੇ ਪੁਲ ਤਾਂ ਖ਼ੂਬ ਬੰਨ੍ਹਦੇ ਹਨ, ਪਰ ਜੋ ਤਸਵੀਰ ਨਿਖਰ ਕੇ ਸਾਹਮਣੇ ਆਉਂਦੀ ਹੈ ਉਹ ਹੈ ਕਿ ਜਦ ਨਸੀਰ ਖ਼ਾਨ ਦਾ ਘੋੜਾ ਇਕ ਸਿਖ ਦੀ ਗੋਲੀ ਨਾਲ ਮਰ ਗਿਆ ਤਾਂ ਫਿਰ ਉਹ ਸਾਰਾ ਦਿਨ ਅਗੇ ਨਹੀਂ ਵਧਿਆ। ਕਿਸੇ ਹੋਰ ਜਰਨੈਲ ਦੇ ਵੀ ਅੱਗੇ ਵਧ ਕੇ ਲੜਾਈ ਕਰਨ ਦੀ ਕੋਈ ਖ਼ਬਰ ਨਹੀਂ ਮਿਲਦੀ। ਜਹਾਨ ਖ਼ਾਨ ਵਰਗੇ ਤਜਰਬੇਕਾਰ ਜਰਨੈਲ ਦਾ ਤਾਂ ਪਤਾ ਹੀ ਨਹੀਂ ਲਗਦਾ ਕਿ ਉਹ ਇਸ ਲੜਾਈ ਵਿਚ ਕਿਥੇ ਰਿਹਾ, ਕਿਸ ਪਾਸੇ ਉਤੇ ਹਲੇ ਕੀਤੇ ਤੇ ਕਿੰਨੇ ਕੁ ਸਿਖਾਂ ਨੂੰ ਕਤਲ ਕੀਤਾ। ਇਸ ਲੜਾਈ ਵਿਚ ਅਹਿਮਦਸ਼ਾਹ ਦੇ ਆਪਣੇ ਪਾਏ ਹਿਸੇ ਦਾ ਵੀ ਕੋਈ ਪਤਾ ਨਹੀਂ ਚਲਦਾ। ਇਸ ਤੋਂ ਇਹ ਸਾਫ਼ ਹੋ ਜਾਂਦਾ ਹੈ ਕਿ ਬਲੋਚ ਤੇ ਅਫ਼ਗਾਨ ਜਿਸ ਜੋਸ਼ ਵਿਚ ਚੜ੍ਹ ਕੇ ਆਏ ਹਨ, ਉਸ ਨਾਲ ਜੀ ਤੋੜ ਕੇ ਨਹੀਂ ਲੜੇ। ਜੇ ਕਿਤੇ ਫਸ ਕੇ ਡਟਵੀਂ ਲੜਾਈ ਹੁੰਦੀ ਤਾਂ ਅਵੱਸ਼ ਇਕ ਧਿਰ ਦੀ ਜਿਤ ਹਾਰ ਹੁੰਦੀ। ਅਹਿਮਦਸ਼ਾਹ ਪਿਛਲੇ ਸਾਲ ਸਿੰਘਾਂ ਨਾਲ ਟੱਕਰ ਲੈ ਕੇ ਉਹਨਾਂ ਦੀ ਤਾਕਤ ਵੇਖ ਚੁਕਿਆ ਸੀ ਤੇ ਉਹਨਾਂ ਦੇ ਲੜਾਈ ਦਿਆਂ ਢੰਗਾਂ ਤੋਂ ਚੰਗਾ ਜਾਣੂ ਹੋ ਚੁਕਿਆ ਸੀ, ਹੁਣ ਉਹ ਆਪਣਾ ਪੈਂਤੜਾ ਛਡ ਕੇ ਸਿੰਘਾਂ ਦੇ ਗੱਲ ਪੈਣ ਵਿਚ ਰਤਾ ਜਿੰਨਾ ਵੀ ਖ਼ਤਰਾ ਮੁੱਲ ਨਹੀਂ ਸੀ ਲੈਣ ਚਾਹੁੰਦਾ। ਏਸੇ ਲਈ ਉਹ ਅਗੇ ਵਧ ਕੇ ਨਹੀਂ ਲੜ ਰਿਹਾ, ਸਗੋਂ ਬਚ ਕੇ ਲੜਦਾ ਹੈ। ਨਸੀਰ ਖਾਨ ਨੂੰ ਵੀ ਹਦਾਇਤ ਕਰਦਾ ਹੈ ਕਿ ਇੰਜ ਪੈਂਤੜਾ ਛਡ ਕੇ ਸਿਖਾਂ ਦੇ ਗਲ ਨਾ ਪਵੇ। ਏਥੋਂ ਇਹ ਸਿਧ ਹੁੰਦਾ ਹੈ ਕਿ ਅਹਿਮਦਸ਼ਾਹ ਸਿੰਘਾਂ ਦੀ ਤਾਕਤ ਨੂੰ ਮੰਨਦਾ ਹੀ ਨਹੀਂ, ਸਗੋਂ ਉਨ੍ਹਾਂ ਤੋਂ ਡਰਦਾ ਵੀ ਹੈ। ਅਗਲੀ ਲੜਾਈ ਵਿਚ ਇਹ ਸਚਾਈ ਅਸਲੋਂ ਸਪੱਸ਼ਟ ਹੋ ਜਾਂਦੀ ਹੈ।



www.AKJ.Org

ਲਸ਼ਕਰ ਦੇ ਸਾਰੇ ਗਾਜ਼ੀ ਬੜੀ ਤਸੱਲੀ ਨਾਲ ਲੜਾਈ ਵਾਲੀ ਥਾਂ ਤੋਂ ਆਪਣਿਆਂ ਡੇਰਿਆਂ ਨੂੰ ਮੁੜੇ। ਨਸੀਰ ਖ਼ਾਨ ਨੇ ਆਪਣੇ ਸ਼ਾਹ, ਅਹਿਮਦ ਸ਼ਾਹ ਅਬਦਾਲੀ ਨੂੰ ਇਸ ਜਿੱਤ ਦੀ ਵਧਾਈ ਦਿਤੀ। ਪਾਤਸ਼ਾਹ ਨੇ ਵੀ ਅਗੋਂ ਉਹਨਾਂ ਨੂੰ ਮੁਬਾਰਕਬਾਦ ਦਿਤੀ। ਪਰ ਉਸ ਨੇ ਇਹ ਵੀ ਖ਼ਾਨ ਨੂੰ ਕਿਹਾ ਕਿ ਮੈਂ ਇਸ ਗਲੋਂ ਬਿਲਕੁਲ ਰਾਜ਼ੀ ਨਹੀਂ ਹਾਂ ਕਿ ਤੂੰ ਦੁਸ਼ਮਣ ਉਤੇ ਇਕੱਲਾ ਹੀ ਹੱਲੇ ਕਰਦਾ ਰਿਹੈਂ ਤੇ ਆਪਣੇ ਆਪ ਨੂੰ ਦੁਸ਼ਮਣ ਦੇ ਤੀਰਾਂ ਤੇ ਗੋਲੀਆਂ ਦਾ ਨਿਸ਼ਾਨਾ ਬਣਾਉਂਦਾ ਰਿਹੈਂ ਤੇ ਇੰਜ ਆਪਣੇ ਆਪ ਨੂੰ ਭਾਰੇ ਖਤਰੇ ਵਿਚ ਪਾਇਆ। ਜੇ ਤੇਰੇ ਨਾਲ ਕੋਈ ਦੁਰ-ਘਟਨਾ ਵਾਪਰ ਜਾਂਦੀ ਤਾਂ ਇਹ ਮੁਲਕ ਤੇਰੇ ਬਿਨਾਂ ਮੇਰੇ ਕਿਸ ਕੰਮ ਆਉਂਦਾ। ਤੂੰ ਹਮੇਸ਼ਾ ਆਪਣੀ ਥਾਂ ਤੇ ਹੀ ਹੁਸ਼ਿਆਰੀ ਨਾਲ ਡਟੇ ਰਹਿਣਾ ਹੈ। ਮੈਂ ਵਾਰ ਵਾਰ ਆਖਦਾ ਹਾਂ ਕਿ ਮੁੜ ਕੇ ਅਜਿਹਾ ਕੰਮ ਨਹੀਂ ਕਰਨਾ ਤੇ ਦੁਸ਼ਮਣ ਦੀਆਂ ਸਫ਼ਾਂ ਉਤੇ ਕਦੇ ਇਕੱਲਿਆਂ ਹਮਲਾ ਨਹੀਂ ਕਰਨਾ। ਖ਼ਾਨ ਨੇ ਕਿਹਾ ਕਿ ਆਪ ਦਾ ਹੁਕਮ ਸਿਰ ਮੱਥੇ ਉਤੇ ਹੈ, ਅੱਗੇ ਨੂੰ ਐਸਾ ਕੰਮ ਕਦੀ ਨਹੀਂ ਹੋਵੇਗਾ।

**ਪਾਤਸ਼ਾਹ ਦਾ ਗੁਰੂ ਚੱਕ (ਅੰਮ੍ਰਿਤਸਰ) ਨੂੰ ਜਾਣਾ ਤੇ ਗੁਰੂ ਚੱਕ ਨੂੰ ਖ਼ਰਾਬ ਕਰਨਾ—**

ਗੱਲ ਕੀ, ਜਦ ਸਿਖ ਇਸ ਲੜਾਈ ਚੋਂ ਨੱਸੇ ਤਾਂ ਉਹ ਰਾਹ ਵਿਚ ਪੜਾਅ ਲਈ ਕਿਤੇ ਨਹੀਂ ਰੁਕੇ, ਸਿਧੇ ਗੁਰੂ ਚੱਕ ਹੀ ਅੱਪੜੇ। ਇਹ ਗੁਰੂ ਚੱਕ ਕਾਫ਼ਰਾਂ ਦੀ ਜ਼ਿਆਰਤ ਦੀ ਥਾਂ ਹੈ।

(ਸ੍ਰੀ ਅੰਮ੍ਰਿਤਸਰ ਸਾਹਿਬ ਦਾ ਪਹਿਲਾ ਨਾਮ ਗੁਰੂ ਚੱਕ ਹੈ।)

ਮਆ ਅਲ ਕਿਸਾ ਅਜ਼ ਜੰਗ ਚੂੰ ਆਂ ਸਗਾਂ। ਗੁਰੇਜ਼ਾਂ ਸ਼ੁਦੰਦ ਆਂ ਹਮਾਂ ਬਦਰਗਾਂ।
ਨਾ ਕਰਦੰਦ ਦਰ ਹੇਚ ਮੰਨਜ਼ਲ ਮਕਾਂ। ਬ-ਰਫ਼ਤੰਦ ਸਾਂ ਤਾ ਗੁਰੂ ਚੱਕ ਦਵਾਂ।
ਗੁਰੂ ਚਕ ਜ਼ਿਆਰਤ ਗਹੇ ਕਾਫ਼ਰਾਂ ਅਸਤ। ਦਰ ਆਂ ਜਾ ਮਜ਼ਾਰਾਤੇ ਆਂ ਮੁਦਬਰਾਂ ਅਸਤ।

[ਸਫ਼ਾ ੯੭, ਸਤਰਾਂ ੧੭-੧੯ ਤਕ

ਮੁਕਦੀ ਗੱਲ ਇਹ ਕਿ ਜਦ ਪਾਤਸ਼ਾਹ ਨੇ ਸੁਣਿਆ ਕਿ ਸਿਖ ਗੁਰੂ ਚੱਕ ਵਲ ਚਲੇ ਗਏ ਹਨ, ਤਾਂ ਉਸ ਨੇ ਕਿਹਾ ਕਿ ਮੈਂ ਵੀ ਹੁਣੇ ਹੀ ਉਧਰ ਨੂੰ ਜਾਂਦਾ ਹਾਂ ਤੇ ਸਿਖਾਂ ਦਾ ਕਤਲਾਮ ਕਰਦਾ ਹਾਂ ਤੇ ਗੁਰੂ ਚੱਕ ਦੀਆਂ ਨੀਂਹਾਂ ਤਕ ਵੀ ਉਖੇੜ ਕੇ ਉਸ ਨੂੰ ਜ਼ਮੀਨ ਦੇ ਬਰਾਬਰ ਪਧਰਾ ਕਰ ਸੁਟਦਾ ਹਾਂ। ਇਸ ਤੋਂ ਪਹਿਲਾਂ ਵੀ ਧਰਮ ਰਖਿਅਕ ਪਾਤਸ਼ਾਹ ਨੇ ਗੁਰੂ ਚੱਕ ਨੂੰ ਬੁਨਿਆਦਾਂ ਤੋਂ ਪੁਟ ਕੇ ਢਾਹਿਆ ਸੀ ਤੇ ਜ਼ਮੀਨ ਦੇ ਬਰਾਬਰ ਕਰ ਕੇ ਮਲੀਆਮੇਟ ਕਰ ਦਿਤਾ ਸੀ†। ਪਰ ਸਿਖਾਂ ਨੇ ਫੇਰ ਉਸਾਰ ਕੇ ਦਰੁਸਤ ਕਰ ਲਿਆ ਸੀ, ਪਰ ਪਹਿਲਾਂ ਵਰਗਾ ਨਹੀਂ ਬਣਿਆ ਸੀ। ਸੋ ਪਾਤਸ਼ਾਹ ਨੇ ਹੁਣ ਫੇਰ ਪਿਛੇ ਵਾਂਗ ਹੀ ਧਰਤੀ ਦੇ ਬਰਾਬਰ ਪਧਰ ਕਰ ਦੇਣਾ ਚਾਹਿਆ।

**ਸ਼ਾਹ ਸਾਰਾ ਸਾਮਾਨ ਲਾਹੌਰ ਛਡ ਕੇ ਸਾਰੀ ਫੌਜ ਲੈ ਕੇ ਗੁਰੂ ਚੱਕ ਨੂੰ ਚੜ੍ਹਿਆ—**

ਪਾਤਸ਼ਾਹ ਨੇ ਸਾਰਾ ਭਾਰਾ ਸਾਮਾਨ ਤੇ ਤੰਬੂ ਆਦਿ ਲਾਹੌਰ ਹੀ ਛੱਡ ਦਿਤੇ ਤੇ ਆਪ ਸਾਰੀ ਫ਼ੌਜ, ਜੋ ਘੋੜ ਸਵਾਰ ਸੀ, ਲੈ ਕੇ ਗੁਰੂ ਚੱਕ ਨੂੰ ਤੁਰ ਪਿਆ। ਤਿੰਨ ਰਾਤਾਂ ਰਾਹ ਵਿਚ ਬੀਤੀਆਂ ਤੇ ਚੌਥੀ ਰਾਤ ਚੱਕ ਅਪੜੇ।‡ ਸਿਖਾਂ ਨੂੰ ਅਗੋਂ ਹੀ ਖਬਰਾਂ ਮਿਲ ਚੁਕੀਆਂ ਸਨ ਕਿ ਸ਼ੇਰ ਸਾਡੇ ਵਲ ਧਾਈ ਕਰੀ ਆਉਂਦੇ ਹਨ। ਸੋ ਉਹ ਚਕੋਂ ਵੀ ਨੱਸ ਚੁਕੇ ਸਨ ਤੇ ਡਿਗਦੇ ਢਹਿੰਦੇ ਕਿਧਰੇ ਚਲੇ ਗਏ ਸਨ। ਪਾਤਸ਼ਾਹ ਲਸ਼ਕਰ ਲੈ ਕੇ

† ਵੱਡੇ ਘਲੂਘਾਰੇ ਪਿਛੋਂ ੯ ਅਪ੍ਰੈਲ ੧੭੬੨ ਨੂੰ ਅਹਿਮਦਸ਼ਾਹ ਅੰਮ੍ਰਿਤਸਰ ਅਪੜਿਆ। ੧੦ ਅਪ੍ਰੈਲ ੧੭੬੨ ਨੂੰ ਵਿਸਾਖੀ ਸੀ। ਇਸ ਦਿਨ ਬਰੂਦ ਦਿਆਂ ਕੁਪਿਆਂ ਨਾਲ ਹਰਿਮੰਦਰ ਸਾਹਿਬ ਨੂੰ ਉਡਾ ਦਿਤਾ ਸੀ।

‡ ਚੌਥੀ ਰਾਤ ੩੦ ਨਵੰਬਰ ੧੭੬੪ ਦੀ ਰਾਤ ਹੈ। ੩੦ ਨਵੰਬਰ ਤੇ ਇਕ ਦਸੰਬਰ ਦੀ ਦਰਮਿਆਨੀ ਰਾਤ। ੩੦ ਨਵੰਬਰ ਨੂੰ ਸ਼ੁਕਰਵਾਰ ਸੀ।



www.AKJ.Org

ਜਦ "ਚੱਕ" ਅਪੜਿਆ ਤਾਂ ਓਥੇ ਕਾਫ਼ਰਾਂ ਵਿਚੋਂ ਕੋਈ ਵੀ ਨਜ਼ਰੀਂ ਨਹੀਂ ਸੀ ਆ ਰਿਹਾ, ਸਿਰਫ ਕਿਲ੍ਹੇ() (ਗੜ੍ਹੀ) ਵਿਚ ਥੋੜੇ ਜਿਹੇ ਆਦਮੀ ਮਰਨ ਖ਼ਾਤਰ ਬੈਠੇ ਹੋਏ ਸਨ, ਤੇ ਇਨ੍ਹਾਂ ਦਾ ਮਨੋਰਥ ਆਪਣੀਆਂ ਜਾਨਾਂ ਆਪਣੇ ਗੁਰੂ ਤੋਂ ਕੁਰਬਾਨ ਕਰਨਾ ਸੀ। ਜਦ ਉਨ੍ਹਾਂ ਨੇ ਪਾਤਸ਼ਾਹ ਤੇ ਉਸ ਦੇ ਇਸਲਾਮੀ ਲਸ਼ਕਰ ਨੂੰ, ਜੋ ਕਿ ਪਹੁੰਚ ਚੁਕਿਆ ਸੀ, ਵੇਖਿਆ ਤਾਂ ਉਹ ਕਿਲ੍ਹੇ ਵਿਚੋਂ ਬਾਹਰ ਨਿਕਲ ਆਏ। ਇਹ ਗਿਣਤੀ ਵਿਚ ਕੁਲ ਤੀਹ ਸਨ।[] ਉਹਨਾਂ ਨੇ ਮਰਨ ਜਾਂ ਕਤਲ ਹੋ ਜਾਣ ਦੀ ਭੋਰਾ ਭਰ ਵੀ ਪਰਵਾਹ ਨਾ ਕੀਤੀ ਤੇ ਗ਼ਾਜ਼ੀਆਂ ਦੇ ਗਲ ਆਣ ਪਏ ਅਤੇ ਸਾਰੇ ਦੇ ਸਾਰੇ ਕਤਲ ਕਰ ਕੇ ਨਰਕੀਂ ਪਹੁੰਚਾ ਦਿਤੇ ਗਏ। ਮੁਸਲਮਾਨ ਸੱਜੇ ਖੱਬੇ ਸਿਖਾਂ ਦੀ ਭਾਲ ਵਿਚ ਬਥੇਰਾ ਨੱਸੇ, ਪਰ ਕੋਈ ਸਿਖ ਨਾ ਲਭਾ। ਲਾਚਾਰ ਹੋ ਕੇ ਪਾਤਸ਼ਾਹ ਵਾਪਸ ਮੁੜ ਗਿਆ।

ਬਖ਼ਾਹੇਮ ਰਫ਼ਤਨ, ਹਮੀ ਬੇਦ ਰੰਗ । ਨਮਾਇਮ ਕਤਲੇ - ਸਗਾਨੇ – ਗ਼ਦੰਗ।
ਬਰ ਆਰੇਮ ਚੱਕ ਰਾ ਜ਼ਿ ਬੇਖੇਜ਼ਿ ਬੁਨ । ਬਖ਼ਾਕਸ਼ ਬਰਾਬਰ ਕੁਨਮ ਬੇ ਸਖ਼ੁਨ।
ਅਜ਼ੀਂ ਪੇਸ਼ ਹਮ ਯਕਰਾਹ ਆਂ ਸ਼ਾਹ-ਏ ਦੀਨ। ਸ਼ਾਹੇ ਦੀਨ ਅਸਲਾਮੇ ਸਿਦਕੋ ਯਕੀਨ।
ਬਰ ਅੰਦਾਖ਼ਤਾ ਬੇਖ਼ੋ ਬੁਨਿਆਦਿ ਚਕੱ । ਜ਼ਿ ਲੌਹਿ ਜ਼ਮੀਂ, ਸਾਖ਼ਤ ਆਂ ਹਰਫ਼ ਹੱਕ।
ਦਿਗਰ ਰਾਹ ਨਮੂਦੰਦ ਸਗਹਾ ਦਰੁਸਤ। ਨਾ ਜਾਂ ਸਾਂ ਕਿ ਬੂਦਸਤ ਰੋਜ਼ਿ ਨਖ਼ੁਸਤ।
ਕਨੂੰ ਖ਼ਾਸਤ ਤਾ ਆਂ ਚਕੋ ਚੱਕ ਪਰੱਸਤ। ਸ਼ਵਦ ਚੂੰਕਿ ਸੁਦ ਪੇਸ਼ਬਾ ਖ਼ਾਕ ਪਸਤ।
ਦਰ ਆਮਦ ਬਹ ਲਾਹੌਰ ਬਾ ਇੱਜ਼ੋ ਸ਼ਾਂ । ਰਖ਼ੁਤੋ ਬੁਨ੍ਹਾ ਖ਼ੇਮਹਾਇ ਗਰਾਂ।
ਬਹ ਲਾਹੌਰ ਦਰ ਜੁਮਲਾ ਦਰ ਗਜ਼ਾਸ਼ਤੰਦ । ਪਏ ਆਂ ਲਈਨਾ ਬਰਦਾਸ਼ਤੰਦ।
ਰਵਾਂ ਗਸ਼ਤ ਸ਼ਾਹੇ ਸਿਪਾਹ ਸੁਦ ਰਵਾਂ । ਖ਼ਵਾਨੀਨਿ ਅਫ਼ਗਾਨਿ ਆਲੀ ਮਕਾ।
ਬਲੋਚਾਨਿ ਗਾਜ਼ੀ ਹਮਾ ਫ਼ੌਜ ਫੌਜ। ਰਵਾਂ ਸ਼ੁਦ ਸਰਿ ਫ਼ੌਜ ਖ਼ਾਨਿ ਬਲੋਚ।
ਸਿਹ(ਤ)ਸ਼ਬ ਦਰ ਰਾਹ ਉਫ਼ਤਾਦ ਸ਼ਬ ਚਾਰਮੀਂ।ਰਸੀਦਾ ਬ-ਚੱਕ ਸ਼ਹ ਬਹ ਸਿਦਕੋ ਯਕੀਂ।
ਸਗਾਂ ਪੇਸ਼ਤਰ ਜੋ ਖ਼ਬਰ ਯਾਫ਼ਤੰਦ। ਕਿ ਸ਼ੇਰਾਂ ਬਰ ਆਂ ਸਗ ਦਿਲਾਂ ਬਾਖ਼ਤੰਦ।
ਅਜ਼ਾਂ ਜਾ ਜ਼ ਚੱਕ ਹਮ-ਗੁਰੇਜ਼ਾ ਸ਼ੁਦੰਦ। ਗੁਰੇਜ਼ਾਂ ਬਹ੍ਹ ਉਫ਼ਤਾਨੋ ਖੇਜ਼ਾਂ ਸ਼ੁਦੰਦ।
ਸ਼ਹੋ ਲਸ਼ਕਰਿ ਸ਼ਾਹ ਬ-ਚੱਕ ਚੂੰ ਰਸੀਦ। ਅਜ਼ਾਂ ਕਾਫ਼ਰਾਂ ਹੇਚ ਕਸ ਰਾ ਨਾ ਦੀਦ।
ਮਗਰ ਚੰਦ ਕਸ ਦਰ ਹਸਾਰ ਅੰਦਰੂੰ । ਬਿਮਾਂਦਾ ਕਿ ਖ਼ੁਦ ਰਾ ਬਰੇਜ਼ੰਦ ਖ਼ੂੰ।
ਕਿ ਕਰਦੰਦ ਜਾਂ ਰਾ ਫ਼ਿਦਾ ਬਰ ਗੁਰੂ। ਕਿ ਲਾਨਤ ਬਵਦ ਬਰ ਗੁਰੂ ਜ਼ਿਸ਼ਤ ਰੂ।
ਚੂੰ ਦੀਦੰਦ ਸ਼ਾਹਿ ਨਿਕੋ ਨਾਮ ਰਾ । ਹਮਾਂ ਲਸ਼ਕਰੇ ਦੀਨ ਇਸਲਾਮ ਰਾ।

---

() ਏਥੇ ਕਿਲ੍ਹੇ ਜਾ ਹਸਾਰ ਤੋਂ ਮਤਲਬ ਚਕ੍ਰਾਂਦਾ ਜਾਂ ਵਲਗਣ ਹੈ। ਅਸਲ ਵਿਚ ਇਹ ੩੦ ਸਿੰਘ ਅਕਾਲ ਬੁੰਗੇ ਵਿਚ ਬੈਠੇ ਵੈਰੀ ਦੀ ਉਡੀਕ ਕਰ ਰਹੇ ਸਨ।

[] ਇਹ ੩੦ ਸਿੰਘ ਭਾਈ ਗੁਰਬਖਸ਼ ਸਿੰਘ ਸ਼ਹੀਦ, ਜੋ ਖੇਮ ਕਰਨ ਦੇ ਰਹਿਣ ਵਾਲੇ ਸਨ, ਦੇ ਜਥੇ ਦੇ ਸਨ। ਇਹ ੩੦ ਸਿੰਘ (੩੦ ਵਿਚ ਸ: ਗੁਰਬਖਸ਼ ਸਿੰਘ ਸ਼ਾਮਲ) ਗੁਰੂ ਘਰ ਦੀ ਆਨ ਸ਼ਾਨ ਕਾਇਮ ਰਖਣ ਲਈ ਜਾਨਾਂ ਵਾਰ ਦੇਣ ਦਾ ਅਰਦਾਸਾ ਸੋਧ ਕੇ ਆਏ ਸਨ ਤੇ ਵੈਰੀ ਨਾਲ ਜੂਝ ਮਰਨ ਲਈ ਅਕਾਲ ਤਖਤ ਵਾਲੀ ਜਗ੍ਹਾ ਤੇ ਡੇਰੇ ਲਾਈ ਬੈਠੇ ਸਨ। ਇਨ੍ਹਾਂ ੩੦ ਸ਼ਹੀਦਾਂ ਵਿਚੋਂ ਸਿਰਫ਼ ਮਾਨ ਸਿੰਘ, ਨਿਹਾਲ ਸਿੰਘ ਤੇ ਬਸੰਤ ਸਿੰਘ ਦੇ ਨਾਮ ਤਾਰੀਖ਼ ਵਿਚ ਦਰਜ ਹਨ। ਖੋਜੀ ਸੱਜਣ ਜੇ ਹਿੰਮਤ ਕਰ ਕੇ ਬਾਕੀ ਨਾਮ ਵੀ ਲਭ ਸਕਣ ਤਾਂ ਇਹ ਇਕ ਸ਼ਲਾਘਾ ਯੋਗ ਉਪਰਾਲਾ ਹੋਵੇਗਾ।

ਜਿਸ ਵੇਲੇ ਅਬਦਾਲੀ ਤੇ ਉਸ ਦੀ ਫ਼ੌਜ ਦਰਬਾਰ ਸਾਹਿਬ ਦੀ ਹਦੂਦ ਦੇ ਨਜ਼ਦੀਕ ਢੁਕੀ ਤਾਂ ਇਹ ਸੂਰਮੇ ਸਿਰ ਤਲੀਆਂ ਤੇ ਰਖ ਕੇ ਵੈਰੀਆਂ ਤੇ ਟੁਟ ਪਏ। ਅਨੇਕਾਂ ਦੁਸ਼ਮਣ ਖਪਾ ਕੇ ਆਪ ਵੀ ਸ਼ਹੀਦ ਹੋ ਗਏ। ਇਹ ਘਟਨਾ ਮਘਰ ਸੁਦੀ ਨੌਵੀਂ, ੧੮੨੧ ਬਿਕਰਮੀ, ਮੁਤਾਬਕ ਤਿੰਨ ਜਮਾਦੀ ਅਲਸਾਨੀ ੧੧੭੮ ਹਿਜਰੀ, ਮੁਤਾਬਕ ਇਕ ਦਸੰਬਰ ੧੭੬੪ ਦਿਨ ਸਨਿਚਰਵਾਰ ਦੀ ਹੈ। ਭਾਈ ਗੁਰਬਖਸ਼ ਸਿੰਘ ਤੇ ਇਨ੍ਹਾਂ ਸ਼ਹੀਦਾਂ ਦੀ ਯਾਦ ਵਿਚ ਅਕਾਲ ਤਖ਼ਤ ਦੇ ਪਿਛਲੇ ਪਾਸੇ ਇਕ ਗੁਰਦਵਾਰਾ ਸਾਹਿਬ ਬਣਿਆ ਹੋਇਆ ਹੈ।


www.AKJ.Org

ਬਰੂੰ ਆਮਦੰਦ ਆ ਹਮਾਂ ਅਜ਼ ਹਸਾਰ । ਕਿ ਸੀ(੩੦) ਤਨ ਬੁਦੰਦ ਆਂ ਸਗਾਂ ਦਰ ਸ਼ੁਮਾਰ ।
ਨਾ ਕਰਦੰਦ ਯੱਕ ਜ਼ੱਰਾ-ਏ ਤਰਸ ਬਾਕ । ਨਾ ਖ਼ੌਫ਼ੇ ਜ਼ਿ ਕਤਲੋ ਨਾ ਬੀਮ ਅਜ਼ ਹਲਾਕ ।
ਬ-ਆਂ ਗਾਜ਼ੀਆਂ ਚੂ ਦਰ ਆਵੇਖ਼ਤੰਦ । ਦਰ ਆਵੇਖ਼ਤਨ ਖ਼ੂਨੇ ਖ਼ੁਦ ਰੇਖ਼ਤੰਦ ।
ਹਮਾ ਕਤਲ ਗਸ਼ਤੰਦ ਸਗਹਾ ਲਈਨ । ਬਿ-ਰਫਤੰਦ ਦਰ ਅਸ਼ਫ਼ਲ ਸੁ-ਸਾਫ਼ਲੀਨ ।
ਦਵੀਦੰਦ ਅਸਲਾਮੀਆ ਗਸ਼ਤ ਚਪ । ਨਾ ਦੀਦੰਦ ਕਸ ਜ਼ਾ ਸਗਾਂ ਬੇ-ਅਦਬ ।
ਬਿਨਾਚਾਰ ਸ਼ਾਹਿ ਜਹਾਨ ਬਾਜ਼ ਗਸ਼ਤਾ । ਬਿਫ਼ਤਹ ਵ ਜ਼ਫ਼ਰ ਸਾਹ ਦਮ ਸਾਜ਼ ਗਸ਼ਤ ।

[ਸਫ਼ਾ ੯੯-੧੦੦, ਸਤਰਾਂ ੩੨ ਤੋਂ ੫੭ ਤਕ

[ਚਲਦਾ]

---

# ਟੈਲੀਵੀਜ਼ਨ ਤੇ ਰੇਡੀਓ ਉਤੇ ਅਸ਼ਲੀਲ ਪਰਚਾਰ

ਰੇਡੀਓ, ਟੈਲੀਵੀਜ਼ਨ ਫਿਲਮਾਂ ਅਜ ਦੇ ਸਮੇਂ ਦੀਆਂ ਆਧੁਨਿਕ ਕਾਢਾਂ ਹਨ, ਜਿਨ੍ਹਾਂ ਰਾਹੀਂ ਦੂਰ ਦੁਰਾਡੇ ਪਹਾੜਾਂ ਦੀਆਂ ਚੋਟੀਆਂ ਤੇ ਬੈਠੇ ਵਸਦੇ ਲੋਕਾਂ ਨੂੰ ਮਨੁਖਤਾ ਤੇ ਇਨਸਾਨੀਅਤ ਦੇ ਚੰਗੇ ਸ਼ੁਭ ਗੁਣ ਦੇ ਕੇ 'ਮਾਨਸ ਤੇ ਦੇਵਤੇ ਕੀਤੇ' ਦੇ ਵਾਕਾਂ ਅਨੁਸਾਰ ਧਰਮੀ ਬਣਾਇਆ ਜਾ ਸਕਦਾ ਹੈ । ਉਥੇ ਹੋ ਕੀ ਰਿਹਾ ਹੈ, ਇਹਨਾਂ ਆਧੁਨਿਕ ਕਾਢਾਂ ਰਾਹੀਂ ਨੌਜਵਾਨਾਂ, ਬੱਚੇ ਬੱਚੀਆਂ ਨੂੰ, ਜਿਨ੍ਹਾਂ ਨੇ ਕਲ੍ਹ ਨੂੰ ਕੌਮ ਬਣਨਾ ਹੈ ਤੇ ਦੇਸ਼ ਦਾ ਭਵਿਖਤ ਜਿਨ੍ਹਾਂ ਦੇ ਹੱਥ ਵਿਚ ਹੈ,ਉਨ੍ਹਾਂ ਦੇ ਆਚਰਨ ਨੂੰ ਵਿਗਾੜਨ ਵਾਲੇ ਅਸ਼ਲੀਲ ਗਾਣੇ ਡਰਾਮੇ ਸੁਣਾਏ ਜਾ ਰਹੇ ਹਨ । ਦੂਰਦਰਸ਼ਨ ਤੇ ਫਿਲਮਾਂ ਰਾਹੀਂ ਆਚਰਨਹੀਨ ਲੋਕਾਂ ਦੇ ਰੂਪ-ਰੰਗ ਤੇ ਹਾਵ ਭਾਵ ਵਿਖਾਏ ਜਾ ਰਹੇ ਹਨ ।

ਪਿਛੇ ਜਿਹੇ ਪੰਜਾਬੀ ਟ੍ਰਿਬਿਊਨ ੮ ਦਸੰਬਰ ੧੯੭੯ ਵਿਚ ਇਕ ਸਜਨ ਵਲੋਂ ਇਕ ਲੇਖ ਛਪਿਆ ਪੜ੍ਹਿਆ, ਜਿਸ ਵਿਚ ਉਸ ਨੇ ਬੜੇ ਵਿਸਥਾਰ ਨਾਲ ਉਹਨਾਂ ਗੰਦੇ ਤੇ ਲਚਰ ਗੀਤਾਂ ਦਾ ਜ਼ਿਕਰ ਕੀਤਾ । ਅਸੀਂ ਉਹਨਾਂ ਗੀਤਾਂ ਦਾ ਏਥੇ ਨਾਮ ਲਿਖਣਾ ਪਸੰਦ ਨਹੀਂ ਕਰਦੇ । ਉਸ ਸਜਨ ਨੇ ਏਥੋਂ ਤਕ ਲਿਖਿਆ ਕਿ ਜਿਸ ਘਰ ਵਿਚ ਧੀਆਂ ਭੈਣਾਂ ਵਸਦੀਆਂ ਹੋਣ ਉਥੇ ਅਜਿਹਾ ਪ੍ਰਚਾਰ ਨਹੀਂ ਪੁਜਣਾ ਚਾਹੀਦਾ । ਪਰ ਕੀ ਕੀਤਾ ਜਾਏ ਰੇਡੀਓ ਟੈਲੀਵੀਜ਼ਨ ਇਤਨਾ ਪ੍ਰਚਲਤ ਹੋ ਚੁਕਾ ਹੈ ਕਿ ਭਾਵੇਂ ਰੋਟੀ ਨਾ ਮਿਲੇ, ਕਪੜਾ ਪਾਟਾ ਹੋਇਆ, ਪੈਰੋਂ ਨੰਗਾ, ਅਜ ਦਾ ਮਜ਼ੂਰ, ਰਿਕਸ਼ਾ ਚਾਲਕ, ਖੇਤਾਂ ਵਿਚ ਕੰਮ ਕਰ ਰਿਹਾ, ਪਹਾੜਾਂ ਦੀਆਂ ਚੋਟੀਆਂ ਤੇ ਬੈਠਾ ਮਨੁਖ, ਦਫਤਰਾਂ ਵਿਚ ਕੰਮ ਕਰ ਰਹੇ ਕਰਮਚਾਰੀ ਟਰਾਂਜ਼ਿਸਟਰ, ਖੇਤ ਦੇ ਕੰਢੇ ਤੇ ਰਖ ਕੇ, ਰਿਕਸ਼ਾ ਚਾਲਕ ਬਗਲ ਵਿਚ ਲਟਕਾਈ, ਦੁਕਾਨਾਂ ਤੇ ਬੈਠੇ ਨੌਜਵਾਨ ਗੰਦੇ ਫਾਸ਼ ਗਾਣੇ ਗੀਤ ਸੁਣ ਰਹੇ ਹਨ । ਦੂਰ-ਦਰਸ਼ਨ ਘਰ ਘਰ ਵਿਚ ਲਗੇ ਹੋਏ ਵੇਖਦੇ ਹਾਂ । ਇਹਨਾਂ ਆਧੁਨਿਕ ਕਾਢਾਂ ਨੇ ਅਜ ਦੇ ਨੌਜਵਾਨ ਬੱਚੇ ਬੱਚੀਆਂ ਦੇ ਆਚਰਨ ਨੂੰ ਵਿਗਾੜਿਆ ਹੈ । ਦੇਸ਼ ਵਿਚ ਫ਼ੈਸ਼ਨ-ਪ੍ਰਸਤੀ ਤੇ ਇਆਸ਼ੀ ਨੂੰ ਵਧਾਇਆ ਹੈ । ਗੈਰ-ਕੌਮ ਅੰਗਰੇਜ਼ ਦੇ ਰਾਜ ਵਿਚ ਵੀ ਸਾਡੇ ਦੇਸ ਦਾ ਆਚਰਨ ਇੰਨਾ ਨਹੀਂ ਸੀ ਵਿਗੜਿਆ ਜਿੰਨਾ ੩੨ ਸਾਲਾਂ ਵਿਚ ਸਾਡੀ ਆਪਣੀ ਸਰਕਾਰ ਨੇ ਵਿਗਾੜਿਆ ਹੈ । ਅੱਜ ਦੇ ਨੌਜਵਾਨ ਲੜਕੇ ਲੜਕੀਆਂ ਫ਼ੈਸ਼ਨ-ਪ੍ਰਸਤੀ ਵਲ ਦਿਨੋ ਦਿਨ ਵਧਦੇ ਜਾ ਰਹੇ ਹਨ । ਨੌਜਵਾਨ ਲੜਕੀਆਂ ਦਾ ਪਤਾ ਹੀ ਨਹੀਂ ਲਗਦਾ ਕਿ ਲੜਕਾ ਹੈ ਜਾਂ ਲੜਕੀ । ਧਰਮ ਜਾਂ ਇਨਸਾਨੀਅਤ ਤਾਂ ਦੂਰ ਦੀ ਗੱਲ ਹੈ, ਉਹ ਮਨੁਖ ਹੀ ਨਹੀਂ ਰਹੇ । ਜਿਸ ਵੇਲੇ ਵੇਖੋ ਫ਼ਿਲਮਾਂ ਦੇ ਗੰਦੇ ਗੀਤ, ਜੋ ਉਹਨਾਂ ਨੇ ਰਟੇ ਹੋਏ ਹਨ, ਗੁਣ-ਗੁਣਾਂਦੇ ਰਹਿੰਦੇ ਹਨ । ਅਗੇ ਤਾਂ ਕੇਵਲ ਸਿਨੇਮਾ-ਘਰਾਂ ਵਿਚ ਹੀ ਜਾ ਕੇ ਇਹ ਪ੍ਰਭਾਵ ਲਿਆ ਜਾਂਦਾ ਸੀ ਪਰ ਹੁਣ ਇਹ ਗੰਦ ਘਰ ਘਰ ਪਹੁੰਚ ਰਿਹਾ ਹੈ । ਪਿਛੇ ਜਿਹੇ ਗੁਰਪੁਰਬ ਦੇ ਸਮਾਗਮ ਵਿਚ ਇਕ ਸਿਖ ਵਿਦਵਾਨ ਨੇ ਆਪਣੇ ਭਾਸ਼ਨ ਵਿਚ ਕਹਿਆ ਸੀ ਕਿ ਸਿਖਾਂ ਨੂੰ ਚਾਹੀਦਾ ਹੈ ਕਿ ਰੋਜ਼ਾਨਾ ਸ਼ਾਮ ਨੂੰ ਪੰਦਰ੍ਹਾਂ ਵੀਹ ਮਿੰਟ ਆਪਣੇ ਬੱਚਿਆਂ ਨੂੰ ਬੈਠਾ ਕੇ ਗੁਰਬਾਣੀ ਤੇ ਸਿਖ ਇਤਿਹਾਸ ਦੀ ਜਾਣਕਾਰੀ ਦੇਣ।



www.AKJ.Org

ਪੁਰਾਤਨ ਸਮੇਂ ਸਿਖਾਂ ਦੇ ਘਰਾਂ ਵਿਚ ਸੰਧਿਆ ਵੇਲੇ ਰਹਿਰਾਸ ਦਾ ਪਾਠ ਤੇ ਕੀਰਤਨ ਸੁਣਾਈ ਦੇਂਦਾ ਸੀ, ਗੁਰਦੁਆਰਿਆਂ ਵਿਚ ਰਹਿਰਾਸ ਦੇ ਦੀਵਾਨ ਸਜਦੇ ਸਨ, ਪਰ ਅਜ ਕੀ ਵੇਖਦੇ ਹਾਂ ਕਿ ਚੰਗੇ ਚੰਗੇ ਘਰਾਂ ਵਿਚ, ਗੁਰਸਿਖ ਪ੍ਰਵਾਰਾਂ ਵਿਚ ਰਹਿਰਾਸ ਦੇ ਸਮੇਂ ਟੈਲੀਵੀਜ਼ਨ ਚਾਲੂ ਹੋ ਜਾਣ ਕਰਕੇ ਬੱਚੇ ਬੱਚੀਆਂ, ਨੌਜਵਾਨ ਅਤੇ ਬਿਰਧ ਮਰਦ ਇਸਤ੍ਰੀਆਂ ਵੀ ਇਹ ਲਚਰ ਗਾਣੇ ਤੇ ਨਾਚ, ਲੋਕਾਂ ਦੇ ਹਾਵ ਭਾਵ ਅੱਖਾਂ ਨਾਲ ਵੇਖਦੇ ਅਤੇ ਕੰਨਾਂ ਨਾਲ ਸੁਣਦੇ ਹਨ । ਜਦੋਂ ਟੈਲੀਵੀਜ਼ਨ ਤੇ ਕੋਈ ਮਸ਼ਹੂਰ ਫਿਲਮ ਆ ਜਾਏ ਤਾਂ ਸਵੇਰੇ ਗੁਰਦੁਆਰਿਆਂ ਵਿਚ ਵੀ ਰੌਣਕ ਘਟ ਹੁੰਦੀ ਹੈ, ਕਿਉਂਕਿ ਸਿਆਣੀ ਉਮਰ ਦੇ ਮਰਦ ਇਸਤ੍ਰੀਆਂ ਵੀ ਦੂਰ-ਦਰਸ਼ਨ ਦੇ ਸਾਹਮਣੇ ਲਗੇ ਦੀਵਾਨ ਵਿਚ ਹਾਜ਼ਰ ਹੁੰਦੇ ਹਨ । ਰਾਤ ਨੂੰ ਦੇਰ ਨਾਲ ਬਿਸਰਾਮ ਕਰਦੇ, ਸਵੇਰੇ ਵਕਤ ਸਿਰ ਉਠ ਨਹੀਂ ਸਕਦੇ । ਇਸ ਲਈ ਗੁਰਦੁਆਰਾ ਗੁਰਬਾਣੀ ਸਭ ਕੁਝ ਖੁੰਝ ਜਾਂਦਾ ਹੈ । ਟੈਲੀਵੀਜ਼ਨ ਤੇ ਰੇਡੀਓ ਦੀ ਕਾਢ ਨੇ ਜਿਥੇ ਦੇਸ਼-ਵਾਸੀਆਂ ਨੂੰ ਸੁਭ ਗੁਣ ਸਿਖਾਣੇ ਸਨ, ਕਿਉਂਕਿ ਇਹਨਾਂ ਚੀਜ਼ਾਂ ਰਾਹੀਂ ਦੇਸ਼-ਵਾਸੀਆਂ ਦਾ ਚੰਗਾ ਇਖਲਾਕ ਆਚਰਨ ਬਣਾਇਆ ਜਾ ਸਕਦਾ ਹੈ, ਉਥੇ ਬਹੁਤ ਕੁਝ ਵਿਗਾੜਿਆ ਹੈ । ਗੁਰਬਾਣੀ ਦੇ ਇਸ ਵਾਕ ਅਨੁਸਾਰ–

ਫਰੀਦਾ ਏ ਵਿਸੁ ਗੰਦਲਾ ਧਰੀਆਂ ਖੰਡੁ ਲਿਵਾੜਿ ॥
ਇਕਿ ਰਾਹੇਦੇ ਰਹਿ ਗਏ ਇਕਿ ਰਾਧੀ ਗਏ ਉਜਾੜਿ ॥੩੭॥

ਵਾਲੀ ਦਸ਼ਾ ਵਰਤ ਰਹੀ ਹੈ । ਰੇਡੀਓ ਤੇ ਦੂਰ-ਦਰਸ਼ਨ ਤੋਂ ਗੁਰਬਾਣੀ ਦਾ ਕੀਰਤਨ ਤੇ ਨਾਲ ਅਸ਼ਲੀਲ ਗਾਣੇ ਨਾਚ ਮੁਜਰੇ ਵਿਖਾ ਕੇ ਨਵੀਂ ਪਨੀਰੀ ਨੂੰ ਕੁਰਾਹੇ ਪਾਇਆ ਜਾ ਰਿਹਾ ਹੈ । ਵਾਹਿਗੁਰੂ ਮੇਹਰ ਕਰੇ, ਭਾਰਤ ਸਰਕਾਰ ਦੇ ਕਰਮਚਾਰੀਆਂ ਨੂੰ ਸੁਮੱਤੇ ਲਾਵੇ । [ਗੁਰਮਤਿ ਵਿਚਾਰ ਪਤ੍ਰਕਾ ਚੋਂ

---

# ਅਖੰਡ ਕੀਰਤਨੀ ਜਥਾ ਯੂ. ਕੇ, ਵਲੋਂ ਅੰਮ੍ਰਿਤ-ਕੀਰਤਨ ਦੀ ਵਰਖਾ

ਭਾਈ ਰਾਜਿੰਦਰ ਸਿੰਘ ਜੀ ਜਨਰਲ ਸਕੱਤਰ ਡਡਲੀ ਤੋਂ ਇਤਲਾਹ ਦੇਂਦੇ ਹਨ ਕਿ ਯੂ. ਕੇ. ਵਿਖੇ ਹੇਠ ਲਿਖੇ ਅਖੰਡ ਕੀਰਤਨ ਪ੍ਰੋਗਰਾਮ ਹੋ ਰਹੇ ਹਨ । ਅੰਮ੍ਰਿਤ ਬਾਣੀ ਦੇ ਲਾਹੇ ਪ੍ਰਾਪਤ ਕਰਨ ਲਈ ਸੰਗਤਾਂ ਹੁਮ ਹੁਮਾ ਕੇ ਦਰਸ਼ਨ ਦੇਣ ।

2 ਤੋਂ 8 ਜੂਨ–ਅਖੰਡ ਕੀਰਤਨ (ਰੈਣ ਸਬਾਈ 7 ਜੂਨ)
Sikh Temple, New Street, Leamington SPA

9 ਤੋਂ 15 ਜੂਨ –ਅਖੰਡ ਕੀਰਤਨ
Sikh Temple, Clarance Place, Gravesend. Phone : 0474-4121

14 ਜੂਨ—ਰੈਣ ਸਬਾਈ ਕੀਰਤਨ
Sikh Temple, 100 North St. Barking, East London. Phone : 01-594-3940

16 ਤੋਂ 22 ਜੂਨ--ਅਖੰਡ ਕੀਰਤਨ
Singh Sabha Gurdwara, Southall, London
ਪੁਛ ਗਿੱਛ : ਭਾਈ ਹਰਚਰਨ ਸਿੰਘ—01-843-9434

23 ਤੋਂ 27 ਜੂਨ–ਅਖੰਡ ਕੀਰਤਨ
Ramgaria Association Gurdwara, Mason Hill, Woolwich, London.
ਪੁੱਛ ਗਿੱਛ : ਭਾਈ ਨਿਰਮਲ ਸਿੰਘ—0474-50249

28 ਜੂਨ—ਰੈਣ ਸਬਾਈ ਕੀਰਤਨ
Gurdwara Medway Rochester. Phone : 0634-49782

29 ਜੂਨ ਤੋਂ 5 ਜੁਲਾਈ—ਅਖੰਡ ਕੀਰਤਨ (ਰੈਣ ਸਬਾਈ 5 ਜੁਲਾਈ)
Singh Sabha Gurdwara, Southall, London.
ਪੁੱਛ ਗਿੱਛ : ਭਾਈ ਗੁਰਮੇਲ ਸਿੰਘ ਗਿਲ – 021-523-2715

www.AKJ.Org

# ਨਕਲੀ ਨਿਰੰਕਾਰੀ ਆਗੂ ਦਾ ਕਤਲ

੨੪ ਅਪਰੈਲ ੧੯੮੦ ਨੂੰ ਨਿਰੰਕਾਰੀ ਭਵਨ ਵਿਚ ਕਿਸੇ ਵਲੋਂ ਨਕਲੀ ਨਿਰੰਕਾਰੀ ਆਗੂ ਗੁਰਬਚਨ ਸਿੰਘ ਅਤੇ ਉਸ ਦੇ ਬਾਡੀਗਾਰਡ ਪ੍ਰਤਾਪ ਸਿੰਘ ਨੂੰ ਗੋਲੀ ਨਾਲ ਉਡਾ ਦਿਤਾ ਗਿਆ। ਅਖ਼ਬਾਰਾਂ ਵਿਚ ਛਪੀਆਂ ਖ਼ਬਰਾਂ ਅਨੁਸਾਰ, ਕੇਸ ਸਰਕਾਰ ਵਲੋਂ ਸੀ. ਬੀ. ਆਈ. ਨੂੰ ਤਫ਼ਤੀਸ਼ ਕਰਨ ਲਈ ਦੇ ਦਿਤਾ ਗਿਆ ਹੈ। ਦੋਸ਼ੀ ਲਭਣ ਲਈ ਸੀ. ਬੀ. ਆਈ. ਵਲੋਂ ੫੦ ਹਜ਼ਾਰ ਰੁਪਏ ਦਾ ਇਨਾਮ ਰਖਿਆ ਗਿਆ ਹੈ। ਪਰ ਪੁਲਿਸ ਅਜੇ ਤਕ ਦੋਸ਼ੀਆਂ ਦਾ ਪਤਾ ਨਹੀਂ ਲਗਾ ਸਕੀ।

ਮਹਾਸ਼ਾ ਅਖ਼ਬਾਰਾਂ ਆਪਣੀ ਫ਼ਿਰਕੂ ਜ਼ਹਿਨੀਅਤ ਅਧੀਨ ਅਜਾਈਂ ਹੀ ਸਿਖ ਕੌਮ ਉਤੇ ਕਤਲ ਦਾ ਦੋਸ਼ ਅਰੋਪ ਕੇ ਜ਼ਹਿਰੀਲਾ ਪ੍ਰਾਪੇਗੰਡਾ ਕਰੀ ਜਾ ਰਹੀਆਂ ਹਨ। ਨਕਲੀ ਨਿਰੰਕਾਰੀਆਂ ਵਲੋਂ ਚਿਟੇ ਦਿਨ ਅੰਮ੍ਰਿਤਸਰ, ਕਾਨਪੁਰ ਅਤੇ ਦਿਲੀ ਵਿਚ ਬੇਅੰਤ ਸਿੰਘਾਂ ਨੂੰ ਗੋਲੀਆਂ ਨਾਲ ਭੁੰਨ ਦਿਤਾ ਗਿਆ। ਇਹਨਾਂ ਫ਼ਿਰਕੂ ਅਖ਼ਬਾਰਾਂ ਨੇ ਨਕਲੀ ਨਿਰੰਕਾਰੀਆਂ ਦਾ ਰਜ ਕੇ ਪੱਖ ਪੂਰਿਆ ਅਤੇ ਨਿਰੰਕਾਰੀਆਂ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਰੁਧ ਅਪਮਾਨ-ਜਨਕ ਪਰਚਾਰ ਕੀਤੇ ਜਾਣ ਵਿਰੁਧ ਪਰੋਟੈਸਟ ਕਰਨ ਗਏ ਨਿਹੱਥੇ ਤੇ ਸ਼ਾਂਤ-ਮਈ ਸਿੰਘਾਂ ਨੂੰ ਨਿਹੰਗ ਅਤੇ ਹਮਲਾਆਵਰ ਲਿਖਿਆ।

ਇਨ੍ਹਾਂ ਅਖਬਾਰਾਂ ਦੇ ਸਿਖ-ਵਿਰੋਧੀ ਪ੍ਰਾਪੇਗੰਡੇ ਦੇ ਫਲ-ਸਰੂਪ ਨਕਲੀ ਨਿਰੰਕਾਰੀ ਭੂਤਰ ਗਏ ਅਤੇ ਦੂਜੇ ਧਰਮਾਂ ਵਿਰੁਧ ਪਰਚਾਰ ਕਰਨ ਤੋਂ ਬਾਜ਼ ਨਾ ਆਏ। ਅਜਿਹੇ ਵਿਖਾਧੀ ਪ੍ਰਾਪੇਗੰਡੇ ਅਤੇ ਆਪ-ਹੁਦਰੀਆਂ ਹਰਕਤਾਂ ਤੋਂ ਇਹਨਾਂ ਦੇ ਆਪਣੇ ਪੈਰੋਕਾਰਾਂ ਵਿਚੋਂ ਕਈ ਦਿਲੋਂ ਦੁਖੀ ਹਨ ਅਤੇ ਦਸਿਆ ਜਾਂਦਾ ਹੈ ਕਿ ਇਸ ਮਸਲੇ ਤੇ ਨਿਰੰਕਾਰੀ ਮੰਡਲ ਗਰੁਪਾਂ ਵਿਚ ਵੰਡਿਆ ਹੋਇਆ ਹੈ।

ਕਤਲ ਨਿਰੰਕਾਰੀ ਭਵਨ ਦੇ ਅੰਦਰ ਹੋਇਆ ਹੈ, ਜਿਥੇ ਬਗੈਰ ਆਗਿਆ ਲਏ ਬੰਦਾ ਤਾਂ ਕੀ, ਕੋਈ ਪਸ-ਪੰਛੀ ਵੀ ਨਹੀਂ ਫਟਕ ਸਕਦਾ। ਸੋ ਬਾਹਰੋਂ ਕੋਈ ਕਾਤਲ ਕਿਵੇਂ ਅੰਦਰ ਗ੍ਰਿਆ ਅਤੇ ਕਿਵੇਂ ਬੰਦ ਕਮਰਿਆਂ ਵਿਚ ਪੁਜ ਗਿਆ? ਤੇ ਫਿਰ ਏਨੇ ਹਥਿਆਰ-ਬੰਦ ਬੰਦੇ ਭਵਨ ਵਿਚ ਹੁੰਦਿਆਂ ਕੋਈ ਕਿਵੇਂ ਕਤਲ ਕਰਨ ਮਗਰੋਂ ਫ਼ਰਾਰ ਹੋ ਗਿਆ? ਅਜਿਹੇ ਕਈ ਭੇਦ-ਭਰਪੂਰ ਸਵਾਲ ਹਨ ਜੋ ਹਰੇਕ ਦੇ ਮਨ ਵਿਚ ਉਠਦੇ ਹਨ। ਇਨ੍ਹਾਂ ਸਾਰੇ ਭੇਦ-ਭਰੇ ਹਾਲਾਤ ਅਤੇ ਹੋਰ ਪ੍ਰਾਪਤ ਹੋਈ ਸੂਚਨਾ-ਸਮੱਗਰੀ ਦੇ ਅਧਾਰ ਤੇ ਪੁਲਸ ਛਾਣ-ਬੀਣ ਕਰ ਰਹੀ ਹੈ।

ਦਸਿਆ ਗਿਆ ਹੈ ਕਿ ਦਰਜ ਕਰਵਾਈ ਗਈ ਐਫ. ਆਈ. ਆਰ. ਵਿਚ ਨਕਲੀ ਨਿਰੰਕਾਰੀ ਮੰਡਲ ਨੇ ਸੰਤ ਜਰਨੈਲ ਸਿੰਘ ਅਤੇ ਭਿੰਡਰਾਂ ਵਾਲੇ ਜਥੇ ਦਾ ਵਰਨਣ ਕੀਤਾ ਹੈ। ਸੰਤ ਜਰਨੈਲ ਸਿੰਘ ਜਾਂ ਭਿੰਡਰਾਂ ਵਾਲੇ ਜਥੇ ਦੀ ਬਾਬੇ ਨਾਲ ਕੋਈ ਜ਼ਾਤੀ ਦੁਸ਼ਮਣੀ ਨਹੀਂ ਸੀ। ਜਿਥੋਂ ਤਕ ਨਕਲੀ ਨਿਰੰਕਾਰੀਆਂ ਦੇ ਸਿਖੀ-ਵਿਰੋਧੀ ਪਰਚਾਰ ਦਾ ਸੰਬੰਧ ਹੈ, ਸਾਰਾ ਸਿਖ ਜਗਤ ਉਨ੍ਹਾਂ ਦੀ ਇਸ ਨਿੰਦਨੀਯ ਕਰਤੂਤ ਦਾ ਵਿਰੋਧ ਕਰਦਾ ਆ ਰਿਹਾ ਹੈ। ਇਥੇ ਹੀ ਬਸ ਨਹੀਂ, ਬਾਕੀ ਧਰਮਾਂ ਵਾਲੇ ਵੀ ਨਕਲੀ ਨਿਰੰਕਾਰੀਆਂ ਦੀ ਇਸ ਪਾਲਸੀ ਦੇ ਵਿਰੋਧੀ ਹਨ। ਮਹਾਸ਼ਾ ਅਖਬਾਰਾਂ ਜਾਂ ਨਕਲੀ ਨਿਰੰਕਾਰੀਆਂ ਦੇ ਕਹੇ-ਕਹਾਏ ਸਿਖ ਪੰਥ ਦੇ ਪ੍ਰਤਿਸ਼ਟਤ ਵਿਅਕਤੀਆਂ ਨੂੰ ਪਰੇਸ਼ਾਨ ਕੀਤਾ ਜਾਣਾ ਮੰਦੀ ਗੱਲ ਹੈ।

ਇਨ੍ਹਾਂ ਦਿਨਾਂ ਵਿਚ ਨਿਰੰਕਾਰੀ ਮੰਡਲ ਵਲੋਂ ਵਖ ਵਖ ਸਿਖ ਆਗੂਆਂ ਦੇ ਨਾਮ ਹਿੰਦੀ ਵਿਚ ਪੱਤਰ ਲਿਖੇ ਗਏ ਹਨ ਜਿਨ੍ਹਾਂ ਵਿਚ ਕੋਝੀ ਤੇ ਅਪਮਾਨ-ਜਨਕ ਭਾਸ਼ਾ ਵਰਤਦਿਆਂ ਹੋਇਆਂ ਉਨ੍ਹਾਂ ਨੂੰ ਗੋਲੀ ਨਾਲ ਉਡਾ ਦਿਤੇ ਜਾਣ ਦੀ ਧਮਕੀ ਦਿਤੀ ਗਈ ਹੈ। ਅਜਿਹਾ ਹੀ ਪੱਤਰ ਅਖੰਡ ਕੀਰਤਨੀ ਜਥੇ ਦੇ ਵਖ ਵਖ ਵਿਅਕਤੀਆਂ ਨੂੰ ਪ੍ਰਾਪਤ ਹੋਇਆ ਹੈ, ਜਿਸ ਦਾ ਪੰਜਾਬੀ ਅਨੁਵਾਦ ਪਾਠਕਾਂ ਦੀ ਗਿਆਤ ਲਈ ਅਗੇ ਦਿਤਾ ਜਾਂਦਾ ਹੈ :—



www.AKJ.Org

ਸੰਤ ਨਿਰੰਕਾਰੀ ਮੰਡਲ
੧੨.੫.੮੦ ਨਵੀਂ ਦਿਲੀ

ਜਰਨੈਲ ਸਿੰਘ--ਰਾਮ ਸਿੰਘ--ਸੇਵਾ ਸਿੰਘ--ਜੋਗਿੰਦਰ ਸਿੰਘ--
ਅਮਰਜੀਤ ਕੌਰ--ਹਰਸ਼ਰਨ ਕੌਰ--ਦਲਜੀਤ ਸਿੰਘ

ਸਾਨੂੰ ਪਤਾ ਹੈ ਕਿ ਨਿਰੰਕਾਰੀ ਬਾਬਾ ਦੀ ਹਤਿਆ ਵਿਚ ਤੁਹਾਡਾ ਸਿਰ-ਫਿਰਿਆਂ ਦਾ ਹੱਥ ਹੈ ਅਤੇ ਹੁਣ ਤੁਸੀਂ ਨਵੇਂ ਬਾਬਾ ਹਰਦੇਵ ਸਿੰਘ ਦੀ ਹਤਿਆ ਦੀ ਧਮਕੀ ਦੇ ਰਹੇ ਹੋ।

ਤੁਸੀਂ ਨਿਰੰਕਾਰੀ ਭਵਨਾਂ ਅਤੇ ਨਿਰੰਕਾਰੀ ਪੰਥ ਦੇ ਚੌਥੇ ਗੁਰੂ ਹਰਦੇਵ ਸਿੰਘ ਵਲ ਅੱਖ ਚੁਕ ਕੇ ਨਹੀਂ ਵੇਖ ਸਕਦੇ। ਅਸੀਂ ਨਿਰੰਕਾਰੀ ਇਕ ਇਕ ਵਾਰਦਾਤ ਦੇ ਪਿਛੇ ਹਜ਼ਾਰ ਹਜ਼ਾਰ ਸਿਖਾਂ ਦੇ ਜੂੜੇ ਕਟ ਦਿਆਂਗੇ ਅਤੇ ਪਗੜੀਆਂ ਨੂੰ ਅੱਗ ਲਗਾ ਦਿਆਂਗੇ ਅਤੇ ਸਿਖਾਂ ਦੀ ਦਾੜ੍ਹੀ ਕਟ ਦਿਆਂਗੇ। ਅਸੀਂ ਸਿਖ ਪੰਥ ਨੂੰ ਤਬਾਹ ਕਰ ਦਿਆਂਗੇ। ਪੰਜਾਬ ਅਤੇ ਦਿਲੀ ਦੇ ਗੁਰਦੁਆਰਿਆਂ ਨੂੰ ਬੰਬਾਂ ਨਾਲ ਉਡਾ ਦਿਆਂਗੇ।

ਅਗਰ ਤੁਸੀਂ ਨਿਰੰਕਾਰੀ ਬਾਬਾ ਦੇ ਕਾਤਲ ਲੁਕਾਉਣ ਦੀ ਕੋਸ਼ਸ਼ ਕੀਤੀ ਤਾਂ ੧੫ ਦਿਨਾਂ ਦੇ ਅੰਦਰ ਆਪ ਨੂੰ ਗੋਲੀ ਨਾਲ ਉਡਾ ਕੇ ਹੀ ਸਾਹ ਲਵਾਂਗੇ। ਆਪ ਦੀਆਂ ਧੀਆਂ ਭੈਣਾਂ ਦੀ ਬੇ-ਇਜ਼ਤੀ ਕਰਾਂਗੇ। ਆਪ ਦੇ ਮਕਾਨਾਂ ਨੂੰ ਅੱਗ ਲਗਾ ਦਿਆਂਗੇ।

ਖ਼ੂਨ ਦਾ ਬਦਲਾ ਖ਼ੂਨ — ਆਪ ਦਾ ਜਵਾਈ—ਨਿਰੰਕਾਰੀ

ਉਪਰੋਕਤ ਚਿਠੀ ਵਿਚ ਸਿਖੀ ਚਿੰਨ੍ਹਾਂ, ਜੂੜ੍ਹਾ, ਦਾੜ੍ਹੀ ਆਦਿ ਵਿਰੁਧ ਅਪਮਾਨ-ਜਨਕ ਤੇ ਕੋਝੀ ਸ਼ਬਦਾਵਲੀ ਵਰਤ ਕੇ ਨਕਲੀ ਨਿਰੰਕਾਰੀਆਂ ਨੇ ਆਪਣਾ ਅਸਲੀ ਰੂਪ ਪਰਗਟ ਕੀਤਾ ਹੈ ਕਿ ਉਹਨਾਂ ਦੇ ਦਿਲ ਅੰਦਰ ਸਿਖੀ ਚਿੰਨ੍ਹਾਂ ਬਾਰੇ ਕਿੰਨੀ ਘਿਰਣਾ ਤੇ ਈਰਖਾ ਹੈ। ਇਹਨਾਂ ਦਾ ਸ਼ਰਬ-ਸਾਂਝੇ ਮਿਸ਼ਨ ਦਾ ਦਾਅਵਾ ਕਰਨਾ ਇਕ ਪਰਪੰਚ ਤੇ ਪਖੰਡ ਹੈ। ਇਹਨਾਂ ਦੀਆਂ ਅਜਿਹੀਆਂ ਕਾਲੀਆਂ ਕਰਤੂਤਾਂ ਕਰਕੇ ਹੀ ਇਹ ਧਰਮੀ ਸੰਸਾਰ ਦੀ ਵਿਰੋਧਤਾ ਦਾ ਕਾਰਨ ਬਣੇ ਹੋਏ ਹਨ। ਹੁਣ ਇਹ ਬਲਦੀ ਤੇ ਤੇਲ ਪਾ ਰਹੇ ਹਨ।

ਜਿਥੋਂ ਤਕ ਖਾਲਸੇ ਦਾ ਸੰਬੰਧ ਹੈ, ਉਹ ਇਹਨਾਂ ਦੀਆਂ ਗਿਦੜ-ਭਬਕੀਆਂ ਤੋਂ ਡਰਦਾ ਨਹੀਂ, ਪਰ ਸਰਕਾਰ ਦਾ ਆਪਣੇ ਤੌਰ ਤੇ ਫਰਜ਼ ਬਣਦਾ ਹੈ ਕਿ ਅਜਿਹੇ ਆਪ-ਹੁਦਰੇ ਅਤੇ ਗ਼ੈਰ ਜ਼ਿਮੇਵਾਰ ਅਨਸਰ ਨੂੰ ਨਥ ਪਾਵੇ।

---

**ਭੁਲ ਦੀ ਸੋਧ**—'ਸੂਰਾ' ਪਰਚਾ ਮਾਰਚ ੧੯੮੦ ਵਿਚ ਛਪੀ ਸਹਾਇਤਾ ੧੦੦/— ਭਾਈ ਗੁਰਦੇਵ ਸਿੰਘ ਜੀ ਜਮਸ਼ੈਦਪੁਰ ਵਲੋਂ ਦੀ ਥਾਂ ''ਗੁਰਪੁਰਵਾਸੀ ਭਾਈ ਅਮੋਲਕ ਸਿੰਘ ਜੀ ਦੇ ਪਰਵਾਰ ਵਲੋਂ ਪੁਜੀ'' ਪੜ੍ਹੋ ਜੀ!

---

# ਗੁ: ਪਾ: ਪਹਿਲੀ ਤੇ ਸਤਵੀਂ ਹਕੀਮਪੁਰ (ਜਲੰਧਰ) ਵਿਖੇ ਰੈਣ ਸਬਾਈ

੭ ਜੂਨ ਸ਼ਨੀਵਾਰ ਦੀ ਰਾਤ ਨੂੰ ਗੁਰਦੁਆਰਾ ਪਾਤਸ਼ਾਹੀ ਪਹਿਲੀ ਤੇ ਸਤਵੀਂ (ਡੇਰਾ ਬਾਬਾ ਨਿਹਾਲ ਸਿੰਘ ਜੀ ਹਰੀਆਂ ਵੇਲਾਂ) ਹਕੀਮਪੁਰ (ਜਲੰਧਰ) ਵਿਖੇ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸਮੂਹ ਸੰਗਤਾਂ ਪੁਜ ਕੇ ਹਰਿ-ਜਸ ਦੇ ਲਾਹੇ ਪ੍ਰਾਪਤ ਕਰਨ। ਫਗਵਾੜਾ ਬਸ ਸਟੈਂਡ ਤੋਂ ਰਾਤ ੮ ਵਜੇ ਟਰੱਕ ਚਲੇਗਾ।

ਦਾਸਰੇ--ਅਖੰਡ ਕੀਰਤਨੀ ਜਥਾ, ਫਗਵਾੜਾ



www.AKJ.Org

## ਆਦਮਪੁਰ ਦੁਆਬਾ (ਜਲੰਧਰ) ਲਾਗੇ ਰੈਣ ਸਬਾਈ ਕੀਰਤਨ

ਸ: ਰੋਸ਼ਨ ਸਿੰਘ ਇਤਲਾਹ ਦੇਂਦੇ ਹਨ ਕਿ ਉਹਨਾਂ ਦੇ ਗ੍ਰਿਹਿ ਵਿਖੇ ੨੧ ਜੂਨ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸੰਗਤਾਂ ਦਰਸ਼ਨ ਦੇ ਕੇ ਲਾਹੇ ਪ੍ਰਾਪਤ ਕਰਨ। ਹੁਸ਼ਿਆਰਪੁਰ–ਜਲੰਧਰ ਰੋਡ ਤੇ ਭੋਗਪੁਰ ਵਲ ਨਹਿਰ ਦੇ ਪੁਲ ਤੇ ਉਤਰ ਕੇ, ਨਹਿਰੋ ਨਹਿਰ ਦੋ ਫ਼ਰਲਾਂਗ ਜਾ ਕੇ ਰੈਸਟ ਹਾਊਸ ਦੇ ਸਾਹਮਣੇ ਕੀਤਤਨ ਅਸਥਾਨ ਹੈ।

## ਘਨਗਸ (ਲੁਧਿਆਣਾ) ਵਿਖੇ ਮਾਸਕ ਰੈਣ ਸਬਾਈ

ਪਿੰਡ ਘਨਗਸ ਭਾਈ ਧਰਮ ਸਿੰਘ ਜੀ ਦੇ ਗ੍ਰਿਹਿ ਵਿਖੇ ੭ ਜੂਨ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆਇ ਜੁੜੋ ਤੇ ਸਤਸੰਗ ਦੇ ਅਨੰਦ ਮਾਣੋ। ਪਿੰਡ ਘਨਗਸ ਰਾੜਾ ਸਾਹਿਬ ਗੁਰਦਵਾਰਾ ਤੋਂ ਇਕ ਮੀਲ ਹੈ। ਮੰਡੀ ਅਹਿਮਦਗੜ੍ਹ ਤੇ ਲੁਧਿਆਣੇ ਤੋਂ ਬਸਾਂ ਆਮ ਮਿਲਦੀਆਂ ਹਨ।

ਪੁਛ ਗਿਛ–ਮਾ: ਉਜਾਗਰ ਸਿੰਘ ਖਾਲਸਾ, ਫਰਵਾਲੀ, ਡਾਕਘਰ ਲੋਹਟਬਦੀ (ਸੰਗਰੂਰ)

## ਪਿੰਡ ਅੰਬੇ ਮਾਜਰਾ (ਮੰਡੀ ਗੋਬਿੰਦਗੜ੍ਹ) ਰੈਣ ਸਬਾਈ ਕੀਰਤਨ

ਬੀਬੀ ਰਣਜੀਤ ਕੌਰ ਕਾਕਾ ਅਰਜਨ ਸਿੰਘ ਬੇਨਤੀ ਕਰਦੇ ਹਨ ਕਿ ਉਨ੍ਹਾਂ ਦੇ ਗ੍ਰਹਿ ਪਿੰਡ ਅੰਬੇ ਮਾਜਰਾ ਵਿਖੇ ੨੮ ਜੂਨ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸੰਗਤਾਂ ਲਾਹੇ ਪ੍ਰਾਪਤ ਕਰਨ। ਪਿੰਡ ਅੰਬੇ ਮਾਜਰਾ ਜੀ. ਟੀ. ਰੋਡ ਤੇ ਮੰਡੀ ਗੋਬਿੰਦ ਗੜ੍ਹ ਤੋਂ ਸਰਹਿੰਦ ਨਹਿਰ ਪੁਲ ਤੋਂ ਇਕ ਕਿਲੋਮੀਟਰ ਫ਼ਲੌਰਿੰਗ ਰੈਸਟੋਰੈਂਟ ਲਾਗੇ ਹੈ।

## ਰਾਣੀ ਪਿੰਡ (ਹੁਸ਼ਿਆਰਪੁਰ) ਵਿਖੇ ਸ੍ਰੀ ਅਖੰਡਪਾਠ ਤੇ ਅਖੰਡ ਕੀਰਤਨ

ਭਾ: ਮਹਿੰਦਰ ਸਿੰਘ ਸਪੁਤਰ ਜਥੇਦਾਰ ਗੁਰਦਿਆਲ ਸਿੰਘ ਬੇਨਤੀ ਕਰਦੇ ਹਨ ਕਿ ਉਨ੍ਹਾਂ ਦੇ ਗ੍ਰਹਿ ਰਾਣੀ ਪਿੰਡ ਵਿਖੇ ੮ ਜੂਨ ਐਤਵਾਰ ਨੂੰ ਸਵੇਰੇ ਸ੍ਰੀ ਅਖੰਡ ਪਾਠ ਦੇ ਭੋਗ ਪੈਣਗੇ। ਉਪਰੰਤ ਅਖੰਡ ਕੀਰਤਨ ਹੋਣਗੇ। ਗੁਰਸਿਖ ਸੰਗਤਾਂ ਦਰਸ਼ਨ ਦੇ ਕੇ ਨਿਵਾਜਣ। ਬੇਗੋਵਾਲ ਤੋਂ ਮਿਆਣੀ ਤੇ ਟਾਂਡਾ ਉਰਮਰ ਵਾਲੀ ਸੜਕ ਤੇ ਪਿੰਡ ਅਕਬਰਪੁਰ ਤੋਂ ਚੜ੍ਹਦੇ ਪਾਸੇ ਦੋ ਕਿਲੋ ਮੀਟਰ ਤੇ ਰਾਣੀ ਪਿੰਡ ਹੈ।

---

## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਤੇ ਟ੍ਰੈਕਟ

| | | | |
|---|---|---|---|
| ਗੁਰਮਤਿ ਫ਼ਿਲਾਸਫ਼ੀ | ੧੩-੫੦ | ਗੁਰਮਤਿ ਲੇਖ | ੫-੫੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੫-੫੦ | ਗੁਰਮਤਿ ਵਿਚਾਰ | ੫-੫੦ |
| ਝਟਕਾ ਮਾਸ ਪ੍ਰਥਾਇ ਨਿਰਣੈ | ੩-੦੦ | ਗੁਰਮਤਿ ਪ੍ਰਕਾਸ਼ | ੩-੭੫ |
| ਗੁਰਮਤਿ ਰਮਜ਼ਾਂ | ੧-੩੦ | ਤਿਮਰ ਅਗਿਆਨ ਤੋਂ ਚਾਨਣਾ | ੦-੨੫ |
| ਸਬਦੁ ਗੁਰ ਪੀਰਾ | ੦-੪੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ | ੦-੨੫ |
| ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ੦-੪੦ | ਗੁਰਬਾਣੀ ਦੀ ਪਾਰਸ ਕਲਾ | ੦-੪੦ |
| ਕੀ ਕੇਸ ਰਖਣੇ ਜ਼ਰੂਰੀ ਹਨ ? | ੦-੩੦ | ਗੁਰਮਤਿ ਅਨਹਦ ਸ਼ਬਦ | ੦-੨੫ |
| ਉਮਰ ਕੈਦੀ ਦਾ ਸੁਪਨਾ | ੦-੪੦ | ਜੀਵਨ ਚਰਿਤ੍ਰ ਭਾ: ਸਾ: ਰਣਧੀਰ ਸਿੰਘ ਜੀ | ੧-੦੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੪੦ | ਵੈਸਾਖੀ ਦਾ ਖੂਨੀ ਸਾਕਾ ਤੇ ਸ਼ਹੀਦੀ ਜੀਵਨ | ੧-੫੦ |

---

**ਪਾਠਕਾਂ ਪਾਸ ਬੇਨਤੀ** (੧) ਚਿਠੀ ਪੱਤਰ ਜਾਂ ਮਨੀਆਰਡ ਭੇਜਣ ਲਗਿਆਂ ਆਪਣਾ ਚਿਟ ਨੰਬਰ ਲਿਖੋ ਜੀ। ਅਸੀਂ ਹਰ ਮਹੀਨੇ ਤੁਹਾਡੇ ਪਰਚੇ ਉਤੇ ਐਡਰੈਸ ਤੋਂ ਪਹਿਲਾਂ ਤੁਹਾਡਾ ਚਿਟ ਨੰਬਰ ਲਿਖਦੇ ਹਾਂ।

(੨) ਹਰੇਕ ਪਾਠਕ ਨੂੰ ਐਡਰੈਸ ਚੈਕ ਕਰ ਕੇ ਹਰ ਮਹੀਨੇ ਦੀ ਪਹਿਲੀ ਤਰੀਕ ਪਰਚਾ ਡਾਕ ਰਾਹੀਂ ਭੇਜਦੇ ਹਾਂ। ਜਿਸ ਨੂੰ ਪਰਚਾ ਨਹੀਂ ਪੁਜਦਾ, ਉਹ ਰਾਹ ਵਿਚ ਚੋਰੀ ਹੋ ਜਾਂਦਾ ਹੈ। ਪਰਚੇ ਨਾ ਪੁਜੇ ਤਾਂ ਉਸੇ ਮਹੀਨੇ ਕਾਰਡ ਪਾਓ, ਹੋਰ ਭੇਜ ਦਿਆਂਗੇ।

www.AKJ.Org

## ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ 102ਵੀਂ ਵਰ੍ਹੇ ਗੰਢ (ਜਨਮ ਦਿਨ)

ਲੁਧਿਆਣਾ ਵਿਖੇ 4 ਤੋਂ 7 ਜੁਲਾਈ ਨੂੰ—ਪੂਰਾ ਪ੍ਰੋਗਰਾਮ ਆਉਂਦੇ ਪਰਚੇ ਵਿਚ

---

## ਸ਼ਹੀਦਾਂ ਦੇ ਅਸਥਾਨ ਤੇ ਮਾਸਕ ਰੈਣ ਸਬਾਈ ਕੀਰਤਨ

1978 ਦੀ ਵੈਸ:ਖੀ ਦੇ ਸ਼ਹੀਦਾਂ ਦੀ ਯਾਦ ਵਿਚ ਗੁ: ਰਾਮਸਰ ਸਾਹਿਬ ਦੇ ਸਾਹਮਣੇ ਸ਼ਹੀਦਾਂ ਦੇ ਅਸਥਾਨ ਤੇ ਹਰ ਮਹੀਨੇ ਵਾਂਗ ਰੈਣ ਸਬਾਈ ਕੀਰਤਨ ੨੧ ਜੂਨ ਸਨੀਵਾਰ ਦੀ ਰਾਤ ਨੂੰ ਹੋਣਗੇ : ਸੰਗਤਾਂ ਹਾਜ਼ਰੀਆਂ ਭਰ ਕੇ ਲਾਭ ਉਠਾਉਣ।

ਪ੍ਰਾਰਥਕ ਦਾਸਰੇ—ਅਖੰਡ ਕੀਰਤਨੀ ਜਥਾ, ਚਲਦਾ ਵਹੀਰ

---

## ਲਖਨਊ ਵਿਚ ਸਾਲਾਨਾ ਕੀਰਤਨ ਸਮਾਗਮ

11 ਤੋਂ 13 ਜੁਲਾਈ ਨੂੰ—ਪ੍ਰੋਗਰਾਮ ਆਉਂਦੇ ਪਰਚੇ ਵਿਚ

---

## ਤਪੋਬਨ-ਕੁਮਾਰਹੱਟੀ ਵਿਚ ਸ੍ਰੀ ਅਖੰਡਪਾਠ ਤੇ ਅਖੰਡ ਕੀਰਤਨ

ਭਾਈ ਸਾਹਿਬ ਆਤਮਾ ਸਿੰਘ ਜੀ ਪੰਜੋਖਰਾ ਸਾਹਿਬ ਇਤਲਾਹ ਦਿੰਦੇ ਹਨ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਗਰਮੀਆਂ ਦੇ ਨਿਵਾਸ-ਅਸਥਾਨ ਤਪੋ-ਬਨ ਕੁਮਾਰ ਹੱਟੀ (ਸ਼ਿਮਲਾ ਹਿਲਜ਼) ਵਿਖੇ 5 ਜੂਨ ਨੂੰ ਸ੍ਰੀ ਅਖੰਡਪਾਠ ਰਖੇ ਜਾਣੇ ਹਨ ਅਤੇ 7 ਜੂਨ ਸਨੀਵਾਰ ਨੂੰ ਭੋਗ ਪੈਣੇ ਹਨ ਅਤੇ ਅਖੰਡ ਕੀਰਤਨ ਹੋਣੇ ਹਨ। ਸੰਗਤਾਂ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰਨ।

---

## 'ਸੂਰਾ' ਮਾਸਕ ਪੱਤਰ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਹੇਠ ਲਿਖੇ ਸਭ ਮੈਂਬਰਾਂ ਦੇ ਸੌ ਸੌ ਰੁਪਏ ਪੁਜੇ ਹਨ। ਬੈਂਕ ਚੋਂ ਬਣਵਾਈਆਂ ਐਫ ਡੀਆਂ ਦੇ ਨੰਬਰ ਇਸ ਤਰ੍ਹਾਂ ਹਨ :—

| | | | |
|---|---|---|---|
| 638. ਭਾ: ਹਜ਼ੂਰਾ ਸਿੰਘ | (ਚਿਟ ਨੰ: 3638) | 987483/497/80 | ਮਿਤੀ 24-5-80 |
| 639. ਸ: ਮਨਮੋਹਨ ਸਿੰਘ ਖੁਰਾਣਾ | ( ,, ,, 3639) | 987484/498/80 | ,, |
| 640. ਮਿਸ ਸੁਖਵਿੰਦਰ ਕੌਰ | ( ,, ,, 3640) | 987485/499/80 | ,, |
| 641. ਭਾ: ਪ੍ਰੀਤਮ ਸਿੰਘ ਖਾਲਸਾ | ( ,, ,, 3641) | 987486/500/80 | ,, |
| 642. ਸਕੱਤਰ ਗੁ: ਸਿੰਘ ਸਭਾ ਸ੍ਰੀ ਨਗਰ | ( ,, ,, 3642) | 987487/501/80 | ,, |
| 643. ਪ੍ਰਿੰਸੀਪਲ ਸ੍ਰੀ ਗੁਰੂ ਨਾਨਕ ਹਾਈ ਸਕੂਲ | ( ,, ,, 3643) | 987488/502/80 | ,, |
| 644. ਸ: ਹਰਭਜਨ ਸਿੰਘ ਅਨੰਦ | ( ,, ,, 3644) | 987489/503/80 | ,, |
| 645. ਸ: ਜੀ. ਐਸ. ਅਨੰਦ | ( ,, ,, 3645) | 987490/504/80 | ,, |
| 646. ਪ੍ਰਿੰਸੀਪਲ ਸ੍ਰੀ ਦਸਮੇਸ਼ ਪਬਲਿਕ ਸਕੂਲ | ( ,, ,, 3646) | 987491/505/80 | ,, |
| 647. ਸ: ਦਿਆਲ ਸਿੰਘ ਅਕਾਊਂਟ ਅਫਸਰ | ( ,, ,, 3647) | 987492/506/80 | ,, |
| 648. ਸ: ਜਸਦੀਪ ਸਿੰਘ | ( ,, ,, 3648) | 987493/507/80 | ,, |
| 649. ਸ: ਹਰਕਰਿਸ਼ਨ ਸਿੰਘ | ( ,, ,, 3649) | 987494/508/80 | ,, |
| 650. ਸਰਦਾਰਨੀ ਦਲਜੀਤ ਕੌਰ | ( ,, ,, 3650) | 987495/509/80 | ,, |
| 651. ਸ: ਅਛਰ ਸਿੰਘ ਭੁਲਰ | ( ,, ,, 3651) | 987496/510/80 | ,, |
| 652. ਬੀਬੀ ਪ੍ਰਮਿੰਦਰ ਕੌਰ | ( ,, ,, 3652) | 987497/511/80 | ,, |
| 653. ਭਾ: ਮਹਿੰਦਰ ਸਿੰਘ | ( ,, ,, 3653) | 987498/512/80 | ,, |

---

ਸ਼ਹੀਦੀ ਫੰਡ ਲਈ ਯੂ. ਕੇ. ਦੀਆਂ ਬੀਬੀਆਂ ਤੋਂ 42 ਪੌਂਡ ਪੁਜੇ ਹਨ, ਜੋ ਕੈਸ਼ ਹੋਣ ਲਈ ਭੇਜ ਦਿਤੇ ਹਨ।

www.AKJ.Org

# ਹੁਸ਼ਿਆਰਪੁਰ ਵਿਖੇ ਸਲਾਨਾ ਸ਼ਹੀਦੀ ਗੁਰਪੁਰਬ ਤੇ ਅਖੰਡ ਕੀਰਤਨ ਸਮਾਗਮ

## 13 ਜੂਨ ਸ਼ੁਕਰਵਾਰ ਸ਼ਾਮ ਤੋਂ 17 ਜੂਨ 1980 ਮੰਗਲਵਾਰ ਸਵੇਰ ਤਕ

ਹਰ ਸਾਲ ਵਾਂਗ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ ਗੁ: ਕਲਗੀਧਰ ਚਰਨ ਪ੍ਾਵਨ ਮਾਡਲ ਟਾਊਨ ਹੁਸ਼ਿਆਰਪੁਰ ਵਿਖੇ ਮਨਾਇਆ ਜਾ ਰਿਹਾ ਹੈ । ਸਮਾਗਮ ਦੇ ਰੰਗ ਮਾਣਨ ਲਈ ਪ੍ਰਵਾਰਾਂ ਸਮੇਤ ਪੁਜ ਕੇ ਲਾਹੇ ਪ੍ਰਾਪਤ ਕਰੋ ਜੀ । ਪ੍ਰੋਗਰਾਮ ਇਉਂ ਹੈ :–

| | |
|---|---|
| 13 ਜੂਨ ਰਾਤ 8 ਤੋਂ 10 ਅਖੰਡ ਕੀਰਤਨ | ਗੁਰਦਵਾਰਾ ਰੇਲਵੇ ਮੰਡੀ ਹੁਸ਼ਿਆਰਪੁਰ |
| 14 ਜੂਨ ਸਵੇਰੇ 5 ਤੋਂ 8 ਆਸਾ ਦੀ ਵਾਰ, ਉਪਰੰਤ ਸ੍ਰੀ ਅਖੰਡਪਾਠ ਅਰੰਭ | ਗੁ: ਕਲਗੀਧਰ ਚਰਨ ਪਾਵਨ |
| ਰਾਤ 8 ਤੋਂ 10 ਅਖੰਡ ਕੀਰਤਨ | ਗੁਰਦਵਾਰਾ ਭਾਈ ਜੰਗਾ ਸਿੰਘ ਜੀ, ਮਹੱਲਾ ਸ਼ੇਖਾਂ |
| 15 ਜੂਨ ਸਵੇਰੇ 5 ਤੋਂ 11 ਆਸਾ ਦੀ ਵਾਰ ਤੇ ਅਖੰਡ ਕੀਰਤਨ | ਗੁਰਦਵਾਦਾ ਗੋਕਲ ਨਗਰ, ਜਲੰਧਰ ਰੋਡ |
| ਰਾਤ 8 ਤੋਂ 10 ਅਖੰਡ ਕੀਰਤਨ | ਗੁ: ਸਿੰਘ ਸਭਾ (ਨੇੜੇ ਮੋਰੀ ਬਹਾਦਰ ਪੁਰ) |
| 16 ਜੂਨ ਸਵੇਰੇ 6 ਵਜੇ ਭੋਗ ਸ੍ਰੀ ਅਖੰਡਪਾਠ, ਉਪਰੰਤ ਅਖੰਡ ਕੀਰਤਨ ਦੁਪਹਿਰ 1 ਵਜੇ ਤਕ | ਗੁ: ਕਲਗੀਧਰ ਚਰਨ ਪਾਵਨ |
| ਸ਼ਾਮ 4 ਵਜੇ ਅੰਮ੍ਰਿਤ ਸਿੰਚਰ ਸਮਾਗਮ ਅਰੰਭ | " " " |
| ਰਾਤ 8 ਵਜੇ ਰੈਣ ਸਬਾਈ ਕੀਰਤਨ ਅਰੰਭ, 17 ਜੂਨ ਸਵੇਰੇ 6 ਵਜੇ ਸਮਾਪਤੀ | " " " |

ਨੋਟ :—੧. ਰਿਹਾਇਸ਼, ਲੰਗਰ ਆਦਿ ਦੇ ਪਰਬੰਧ ਲਈ ਗੁ: ਕਲਗੀਧਰ ਚਰਨ ਪਾਵਨ ਵਿਖੇ ਪੁਜੋ, ਜੋ ਬੱਸ-ਅੱਡੇ ਤੋਂ ਨੇੜੇ ਹੈ ।
੨. ਅਨੰਦ ਕਾਰਜ ਕਰਾਉਣ ਵਾਲੇ ਜੋੜੇ ਰੈਣ ਸਬਾਈ ਕੀਰਤਨ ਤੋਂ ਪਹਿਲਾਂ ਖਬਰ ਦੇਣ ਦੀ ਕਿਰਪਾ ਕਰਨ ।
੩. ਬਿਜਤਰੇ ਲੋੜ ਅਨੁਸਾਰ ਨਾਲ ਲਿਆਓ ਜੀ।

ਪੁਛਗਿਛ—੧. ਪ੍ਰੋ: ਲਖਦੇਵ ਸਿੰਘ, ਜੇ. ਆਰ ਗੌਰਮਿੰਟ ਪਾਲੀਟੈਕਨਿਕ ਕਾਲਜ, ਹੁਸ਼ਿਆਰਪੁਰ ।
੨. ਗੁਰੂ ਨਾਨਕ ਜਨਰਲ ਸਟੋਰ, ਲਕਸ਼ਮੀ ਸਿਨਮਾ ਮਾਰਕੀਟ, ਬਸ ਅਡੇ ਦੇ ਸਾਹਮਣੇ, ਹੁਸ਼ਿਆਰਪੁਰ

ਪ੍ਰਾਰਥਕ ਦਾਸਰੇ—ਅਖੰਡ ਕੀਰਤਨੀ ਜਥਾ, ਹੁਸ਼ਿਆਰਪੁਰ

---

# ਜਮੂੰ ਵਿਖੇ ਸਲਾਨਾ ਅਖੰਡ ਕੀਰਤਨ ਸਮਾਗਮ

## 26 ਜੂਨ ਵੀਰਵਾਰ ਸਵੇਰ ਤੋਂ 29 ਜੂਨ 1980 ਐਤਵਾਰ ਸਵੇਰ ਤਕ

ਬੀਤੇ ਸਾਲ ਵਾਂਗ ਸਮੂਹ ਅਖੰਡ ਕੀਰਤਨੀ ਜਥਿਆਂ ਵਲੋਂ ਮੀਰੀ ਪੀਰੀ ਦੇ ਮਾਲਕ ਬੰਦੀ-ਛੋੜ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪਾਵਨ ਪ੍ਰਕਾਸ਼ ਪੁਰਬ ਜਮੂੰ ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਮਨਾਇਆ ਜਾ ਰਿਹਾ ਹੈ–

26 ਜੂਨ ਸਵੇਰੇ 4-30 ਤੋਂ 7-30 ਆਸਾ ਦੀ ਵਾਰ ਉਪਰੰਤ ਸ੍ਰੀ ਅਖੰਡਪਾਠ ਅਰੰਭ
ਸ਼ਾਮ 7-00 ਤੋਂ 9-30 ਸੋਦਰ ਚੌਕੀ ਤੇ ਅਖੰਡ ਕੀਰਤਨ
27 ਜੂਨ ਸਵੇਰੇ 4-30 ਤੋਂ 10-30 ਆਸਾ ਦੀ ਵਾਰ ਤੇ ਅਖੰਡ ਕੀਰਤਨ
ਸ਼ਾਮ 7-00 ਤੋਂ 9-30 ਸੋਦਰ ਚੌਕੀ ਤੇ ਅਖੰਡ ਕੀਰਤਨ
28 ਜੂਨ ਸਵੇਰੇ ਭੋਗ ਸ੍ਰੀ ਅਖੰਡਪਾਠ ਤੇ 10-30 ਤਕ ਅਖੰਡ ਕੀਰਤਨ — ਸ਼ਾਮ 4-30 ਅੰਮ੍ਰਿਤ ਸਿੰਚਾਰ ਸਮਾਗਮ ਅਰੰਭ
ਰਾਤ 8-30 ਰੈਣ ਸਬਾਈ ਕੀਰਤਨ ਅਰੰਭ, 29 ਜੂਨ ਸਵੇਰੇ 8-30 ਸਮਾਪਤੀ ।

ਨੋਟ :—੧. ਸਮੁੱਚਾ ਪ੍ਰੋਗਰਾਮ ਐਮ. ਸੀ. ਖਾਲਸਾ ਹਾਈ ਸਕੂਲ (ਸਮਾਧ ਮਹਾਰਾਣੀ ਚੰਦ ਕੌਰ—ਨੇੜੇ ਬਸ ਸਟੈਂਡ) ਵਿਖੇ ਹੋਵੇਗਾ ।
੨. ਲੋੜ ਅਨੁਸਾਰ ਬਿਸਤਰੇ ਜ਼ਰੂਰ ਲਿਆਉਣ ਦੀ ਕਿਰਪਾ ਕਰਨੀ ਜੀ ।

ਪੁਛ ਗਿਛ :—ਭਾਈ ਰਾਜਿੰਦਰ ਸਿੰਘ ਮਾਰਫਤ ਗੁ: ਸਿੰਘ ਸਭਾ, ਗੁਰੂ ਨਾਨਕਪੁਰ, ਗਾਂਧੀ ਨਗਰ, ਜਮੂੰ (180006)

ਦਰਸ਼ਨ ਅਭਿਲਾਖੀ ਦਾਸਰੇ – ਅਖੰਡ ਕੀਰਤਨੀ ਜਥਾ, ਜਮੂੰ

---

'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਸ੍ਰੀ ਅੰਮ੍ਰਿਤਸਰ

Title : Navketan Press, Amritsar.

www.AKJ.Org